# ਲਹੂ ਦਾ ਰੰਗ
## (ਸ਼ਾਇਰੀ)

ਮੇਰੇ ਯਾਰੋ !
ਘਰਾਂ ਦੀਆਂ ਮਮਟੀਆਂ 'ਤੇ
ਬੁਝ ਗਏ ਚਿਰਾਗ਼ਾਂ ਨੂੰ
ਫਿਰ ਤੋਂ ਜਗਾਓ
ਕੋਈ ਤਾਂ ਜ਼ਿੰਦਗੀ ਦਾ
ਗੀਤ, ਮੁੜ ਗਾਓ
ਹਨ੍ਹੇਰਾ
ਬਹੁਤ ਹੋ ਚੁੱਕਾ !
-ਸੁਖਿੰਦਰ

ਇਨਸਾਨਾਂ ਦੀ ਸੋਚ ਜੁਦਾ ਹੋ ਸਕਦੀ ਏ
ਉਹਦਾ ਚੰਮ ਦੂਜਿਆਂ ਤੋਂ ਵੱਖਰੀ ਨਸਲ ਦਾ ਹੋ ਸਕਦਾ ਏ
ਪਰ ਲਹੂ ਦਾ ਰੰਗ ਤਾਂ ਇੱਕੋ ਜਿਹਾ ਹੁੰਦਾ ਏ
ਉਹ ਤਾਂ ਜਿੱਥੇ ਵੀ ਡੁੱਲ੍ਹਦਾ ਏ
ਚੀਕ ਚੀਕ ਕੇ ਦਸਦਾ ਏ
ਮੇਰਾ ਰੰਗ 'ਤੇ ਸਾਂਝਾ ਏ
-ਸਲੀਮ ਪਾਸ਼ਾ

# ਸੁਖਿੰਦਰ ਰਚਿਤ ਪੁਸਤਕਾਂ :

□ ਵਿਗਿਆਨ :
- ■ ਪੁਲਾੜ, ਸਮਾਂ ਤੇ ਪਦਾਰਥ (1972)
- ■ ਕਾਸਮਿਕ ਕਿਰਨਾਂ ਤੇ ਵਿਸ਼ਵ (1973)
- ■ ਵਿਸ਼ਵ ਚਰਚਾ (1975)

□ ਕਵਿਤਾ :
- ■ ਸ਼ਹਿਰ, ਧੂੰਦ ਤੇ ਰੌਸ਼ਨੀਆਂ (1974)
- ■ ਤਿੰਨ ਕੋਣ (ਤਿੰਨ ਕਵੀ) (1979)
- ■ ਬੁੱਢੇ ਘੋੜਿਆਂ ਦੀ ਆਤਮ-ਕਥਾ (1991)
- ■ ਇਹ ਖ਼ਤ ਕਿਸਨੂੰ ਲਿਖਾਂ (1998)
- ■ ਪ੍ਰਦੂਸ਼ਿਤ ਹਵਾ ਨਾਲ ਸੰਵਾਦ (2006)
- ■ ਸਮੋਸਾ ਪਾਲਿਟਿਕਸ (2012)
- ■ ਕਵਿਤਾ ਦੀ ਵਾਪਸੀ (2013) (ਸ਼ਾਹਮੁਖੀ)
- ■ ਡਾਇਰੀ ਦੇ ਪੰਨੇ (2016)
- ■ ਲੱਕੜ ਦੀਆਂ ਮੱਛੀਆਂ (1979)
- ■ ਤੂਫ਼ਾਨ ਦੀਆਂ ਜੜ੍ਹਾਂ ਵਿੱਚ (1985)
- ■ ਸ਼ਕਿਜ਼ੋਫ਼ਰੇਨੀਆਂ (1993)
- ■ ਕੁੱਤਿਆਂ ਬਾਰੇ ਕਵਿਤਾਵਾਂ (2006)
- ■ ਗਲੋਬਲੀਕਰਨ (2008)
- ■ ਕਵਿਤਾ ਦੀ ਤਲਾਸ਼ ਵਿੱਚ (2013)
- ■ ਆਮ ਆਦਮੀ ਦਾ ਇਨਕਲਾਬ (2015)

□ ਆਲੋਚਨਾ :
- ■ ਕੈਨੇਡੀਅਨ ਪੰਜਾਬੀ ਸਾਹਿਤ (2010)
- ■ ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ) (2011)
- ■ ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਤੀਜਾ) (2013)
- ■ ਕ੍ਰਾਂਤੀ ਦੀ ਕਵਿਤਾ (2017)

□ ਵਾਰਤਕ :
- ■ ਸਿੱਧੀਆਂ ਸਪੱਸ਼ਟ ਗੱਲਾਂ (2010)
- ■ ਮੇਰਾ ਪਾਕਿਸਤਾਨੀ ਸਫ਼ਰਨਾਮਾ (2015)
- ■ ਮੇਰਾ ਪਾਕਿਸਤਾਨੀ ਸਫ਼ਰਨਾਮਾ (2016) (ਸ਼ਾਹਮੁਖੀ)

□ ਸੰਪਾਦਨਾ :
- ■ ਮਕਤਲ (ਪ੍ਰਗਤੀਵਾਦੀ ਕਵਿਤਾ- ਸਹਿ ਸੰਪਾਦਨਾ) (1982)
- ■ ਬਘਿਆੜਾਂ ਦੇ ਵੱਸ (ਕੈਨੇਡੀਅਨ ਪੰਜਾਬੀ ਕਵਿਤਾ) (1986)
- ■ ਮੇਰੀਆਂ ਝਾਂਜਰਾਂ ਦੀ ਛਨਛਨ (ਦਵਿੰਦਰ ਬਾਂਸਲ ਦੀ ਕੋਲਾਜ ਕਿਤਾਬ) (1999)

□ ਨਾਵਲ :
- ■ ਅਲਾਰਮ ਕਲਾਕ (2003)

□ ਬੱਚਿਆਂ ਲਈ :
- ■ ਅਨੀਤਾ ਆਂਟੀ ਅਤੇ ਬੱਚੇ (2004)

□ **English :**
- ■ Children Are Not Hamburger Meat (Poetry) (2005)

# ਸਲੀਮ ਪਾਸ਼ਾ ਰਚਿਤ ਪੁਸਤਕਾਂ :

□ ਸ਼ਾਇਰੀ :
- ■ ਵੱਖ ਹੋਣ ਤੋਂ ਪਹਿਲਾਂ (2005)

□ ਵਾਰਤਕ :
- ■ ਨਿਆਗਰਾ ਦੇ ਦੇਸ ਵਿੱਚ (ਸਫ਼ਰਨਾਮਾ) (2011, ਸ਼ਾਹਮੁਖੀ) (2012, ਗੁਰਮੁਖੀ)
- ■ ਇਮਰੋਜ਼ ਮੁਹੱਬਤ ਦਾ ਲੋਕਗੀਤ (2013)

# ਲਹੂ ਦਾ ਰੰਗ

(ਕਾਵਿ-ਸੰਗ੍ਰਹਿ)

-ਸੁਖਿੰਦਰ
-ਸਲੀਮ ਪਾਸ਼ਾ

2017

ਤਰਕਭਾਰਤੀ ਪ੍ਰਕਾਸ਼ਨ
ਬਰਨਾਲਾ, ਇੰਡੀਆ

Copyright © 2017 Sukhinder, Saleem Pasha

# Lahoo Da Rung

***(Colour Of The Blood)*** (Poetry)

-by Sukhinder & Saleem Pasha

***Sukhinder***
Box 67089, 2300 Yonge St.
Toronto ON M4P 1E0 Canada
Tel. (416) 858-7077
poet_sukhinder@hotmail.com

**Saleem Pasha**
Toronto, Canada
Tel. (647) 470-0981
pashupk@gmail.com

***Cover Design :***
Saleem Pasha

***Price*** : $10 (In Canada & U.S.A.)
: Rs. 150 (In India)

***Typeset, Printed & Published by :***

***Published in India by :***
Tark Bharti Parkashan
St. 8, K.C. Road, Barnala-148101, Punjab, India
Phone : 01679-233244, 241744
tarksheel@gmail.com; www.thepunjabi.com

***In Canada :***
Knowledge Eye
Box 67089, 2300 Yonge St.,
Toronto ON M4P 1E0 Canada
Tel. (416) 858-7077
poet_sukhinder@hotmail.com

## ਸਮਰਪਤ :

ਪਿਆਰ, ਅਮਨ ਤੇ ਦੋਸਤੀ
ਦੇ ਨਾਂ

# ਕਿੱਥੇ ਕੀ ?

ਕੁਝ ਸ਼ਬਦ ਸਾਡੇ ਵੱਲੋਂ ਵੀ 7
ਲਹੂ ਦੇ ਰੰਗ ਦੀਆਂ ਕਵਿਤਾਵਾਂ - ਸ਼ਮੀਲ
ਲਹੂ ਦਾ ਇੱਕੋ ਰੰਗ - ਹਜ਼ਰਤ ਸ਼ਾਮ

## ਸੁਖਿੰਦਰ

ਹਿੰਦੂ ਪਾਣੀ, ਮੁਸਲਿਮ ਪਾਣੀ 15
ਮਾਂ ਬੋਲੀ ਦਾ ਰਿਸ਼ਤਾ 17
ਧਰਤੀ ਦਾ ਮਸਲਾ 19
ਇੱਜ਼ਤ 21
ਸਾਜ਼ਿਸ਼ੀ 23
ਡਾਇਰੀ ਦੇ ਪੰਨੇ-18 25
ਭਾਰਤ 27
ਸੁਨਹਿਰੀ ਯਾਦਾਂ 29
ਕੁੱਤਾ ਸਭਿਆਚਾਰ 31
ਦਿਸ਼ਾਵਾਂ 33
ਸ਼ਬਦਾਂ ਨੂੰ ਪਵਿੱਤਰ ਨ ਬਨਣ ਦਿਓ 35
ਕੈਨੇਡਾ 37
ਬਲਾਤਕਾਰੀ 40
ਸੰਤੁਸ਼ਟੀ 42
ਪੁੱਠਾ ਗੇੜ 44
ਰਾਜਨੀਤੀ ਦੇ ਦਲਾਲ 46
ਸੱਪਾਂ ਦਾ ਮੌਸਮ 48
ਬਾਂਦਰਾਂ ਦਾ ਦੇਸ 50
ਸਾਜ਼ਿਸ਼ੀ ਮੌਸਮ 52
ਬਾਂਦਰ ਹਮਲਾ 54
ਹਤਿਆਰੇ 57
ਮਾਂ ਬੋਲੀ ਪੰਜਾਬੀ 59
ਅਨਪੜ੍ਹ, ਸਿੱਧੇ, ਸਾਦੇ ਬੰਦੇ 61
ਕਵਿਤਾ, ਤੂੰ ਚੁੱਪ ਨ ਰਹਿ 63
ਜ਼ਿੰਮੇਵਾਰੀ 65

## ਸਲੀਮ ਪਾਸ਼ਾ

ਲਹੂ ਦਾ ਰੰਗ 71
ਲਹੂ ਦਾ ਰੰਗ-2 72
ਲਹੂ ਦਾ ਰੰਗ-3 73
ਜੀਅ ਤਾਂ ਕਰਦਾ ਏ 74
ਮੈਂ ਤਾਂ ਬਸ ਲਹੂ ਹਾਂ 75
ਰੋ+ਬੋਟ 76
ਸੱਚ ਦਾ ਮੁੱਲ 77
ਸਾਂਝ 78
ਜੀਅ ਕਰਦਾ ਏ 79
ਵੇਖ ਲਓ 80
ਹੋਰ ਬਹੁਤ ਕੁਝ ਹੈ ਰੋਣ ਲਈ 81
ਵੇਲਾ ਅੰਤ ਅਖੀਰ 82
ਇਮੇਜਜ਼ 83
ਮਾਰੂ 84
ਰਾਤ ਆਉਂਦੀ ਏ 85
ਅਮਨ ਦੀ ਆਸ਼ਾ 87
ਵੱਖ ਹੋਣ ਤੋਂ ਬਾਹਦ 88
ਅਜੇ ਅਸੀਂ ਨਹੀਂ ਮਰਾਂਗੇ 89
ਇੱਕ ਜ਼ਰੂਰੀ ਐਲਾਨ 90
ਮੇਰਾ ਨਾਂ ਹਿਯਾਤੀ 91
ਕਿਉਂ 92
ਖੌਫ਼ ਨਗਰ 93
ਵੰਡ 94
ਹਿਜ਼ਰਤ 95
ਕਰਬਲ ਵਾਲੀ ਸ਼ਾਮ 96

# ਕੁਝ ਸ਼ਬਦ ਸਾਡੇ ਵੱਲੋਂ ਵੀ

ਅੱਜ ਦੁਨੀਆਂ ਦੇ ਚੱਪੇ, ਚੱਪੇ, ਉੱਤੇ ਆਤੰਕਵਾਦ ਦਾ ਬੋਲਬਾਲਾ ਹੈ. ਇਹ ਨਿੰਦਨਯੋਗ ਹੈ. ਕਿਤੇ ਧਰਮ ਦੇ ਨਾਮ ਉੱਤੇ, ਕਿਤੇ ਬੋਲੀ ਦੇ ਨਾਮ ਉੱਤੇ, ਕਿਤੇ ਨਸਲ ਦੇ ਨਾਮ ਉੱਤੇ, ਕਿਤੇ ਜ਼ਾਤ-ਪਾਤ ਦੇ ਨਾਮ ਉੱਤੇ, ਕਿਤੇ ਦੇਸ਼ ਦੇ ਨਾਮ ਉੱਤੇ, ਮਾਸੂਮ ਅਤੇ ਬੇਗੁਨਾਹ ਲੋਕਾਂ ਦੇ ਖ਼ੂਨ ਨਾਲ ਹੋਲੀ ਖੇਡੀ ਜਾ ਰਹੀ ਹੈ. ਭਰਿਸ਼ਟ-ਰਾਜਨੀਤੀਵਾਨ ਅਤੇ ਧਾਰਮਿਕ ਨੇਤਾ ਇਹ ਗੰਦੀ ਖੇਡ ਹਰ ਦੇਸ਼ ਵਿੱਚ ਹੀ ਖੇਡ ਰਹੇ ਹਨ. ਉਨ੍ਹਾਂ ਨੂੰ ਆਮ ਲੋਕਾਂ ਦੇ ਸਰੋਕਾਰਾਂ ਨਾਲ ਨ ਤਾਂ ਕੋਈ ਲਗਾਓ ਹੈ ਅਤੇ ਨ ਹੀ ਇਨ੍ਹਾਂ ਦੇ ਹੱਲ ਢੂੰਡਣ ਵਿੱਚ ਉਨ੍ਹਾਂ ਦੀ ਕੋਈ ਦਿਲਚਸਪੀ ਹੈ. ਉਨ੍ਹਾਂ ਨੂੰ ਤਾਂ ਸਿਰਫ ਤੇ ਸਿਰਫ ਮਤਲਬ ਹੈ ਰਾਜਨੀਤਕ ਤਾਕਤ ਪ੍ਰਾਪਤ ਕਰਨ ਤੱਕ. ਵਿਸ਼ਵ ਭਰ ਦੇ ਲੇਖਕਾਂ, ਚਿੰਤਕਾਂ, ਕਲਾਕਾਰਾਂ, ਬੁੱਧੀਜੀਵੀਆਂ ਦਾ ਇਹ ਫਰਜ਼ ਬਣਦਾ ਹੈ ਕਿ ਅਸੀਂ ਇਸ ਜ਼ੁਲਮ ਦੇ ਖਿਲਾਫ਼ ਸ਼ਕਤੀਸ਼ਾਲੀ ਆਵਾਜ਼ ਬੁਲੰਦ ਕਰੀਏ. ਜਿੱਥੇ ਜਿੱਥੇ ਵੀ ਬੇਗੁਨਾਹਾਂ ਦਾ ਲਹੂ ਡੋਲਿਆ ਜਾ ਰਿਹਾ ਹੈ, ਅਸੀਂ ਉਸ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰੀਏ.

ਹਿੰਦੁਸਤਾਨ ਵਰਗੇ ਦੇਸ਼ਾਂ ਵਿੱਚ ਤਾਂ, ਮਹਿਜ਼, ਇੱਕ ਜਾਨਵਰ ਗਾਂ ਦੇ ਮੋਹ ਵਿੱਚ ਭਿੱਜੇ ਲੋਕ ਮਾਸੂਮ ਅਤੇ ਬੇਗੁਨਾਹ ਲੋਕਾਂ ਦੀਆਂ ਲਾਸ਼ਾਂ ਦੇ ਅੰਬਾਰ ਲਗਾ ਦਿੰਦੇ ਹਨ. ਅਮਰੀਕਾ, ਇੰਗਲੈਂਡ, ਫਰਾਂਸ, ਜਰਮਨੀ ਵਰਗੇ ਦੇਸ਼ ਤਾਂ, ਮਹਿਜ਼, ਮੁਨਾਫ਼ੇ ਖਾਤਿਰ ਧਰਤੀ ਦੇ ਚੱਪੇ ਚੱਪੇ ਉੱਤੇ ਜੰਗ ਦੇ ਭਾਂਬੜ ਬਾਲਦੇ ਰਹੇ ਹਨ. ਲੱਖਾਂ ਮਨੁੱਖਾਂ ਨੂੰ ਗੈਸ ਚੈਂਬਰਾਂ ਵਿੱਚ ਸੁੱਟ ਕੇ ਸਾੜਦੇ ਰਹੇ ਹਨ ਅਤੇ ਐਟਮ ਬੰਬ ਸੁੱਟ ਕੇ ਪਲਾਂ-ਛਿਣਾਂ ਵਿੱਚ ਹੀ ਰੇਤ ਦੇ ਕਿਣਕੇ ਬਣਾਂਦੇ ਰਹੇ ਹਨ. ਸਾਊਥ ਅਫਰੀਕਾ ਅਤੇ ਅਮਰੀਕਾ ਵਰਗੀ ਸੁਪਰਪਾਵਰ ਅਧੀਨ ਵਸਦੇ ਕਾਲੇ ਰੰਗ ਦੇ ਲੋਕਾਂ ਨੂੰ ਤਾਂ, ਮਹਿਜ਼, 50 ਸਾਲ ਪਹਿਲਾਂ ਤੱਕ ਗੋਰੇ ਰੰਗ ਦੇ ਲੋਕਾਂ ਦੇ ਬਰਾਬਰ ਬੱਸਾਂ ਵਿੱਚ ਬੈਠਣ ਤੱਕ ਦਾ ਵੀ ਹੱਕ ਨਹੀਂ ਸੀ. ਭਾਰਤ ਵਰਗੇ ਦੇਸ਼ ਵਿੱਚ ਤਾਂ ਕਿਸੀ ਅਛੂਤ ਜਾਤੀ ਦੇ ਬੰਦੇ ਦੇ ਕੰਨਾਂ ਵਿੱਚ ਕਿਸੀ ਧਾਰਮਿਕ ਗ੍ਰੰਥ ਦੇ ਕੋਈ ਸ਼ਬਦ ਪੈ ਜਾਣ ਦੀ ਸਜ਼ਾ ਵਜੋਂ ਉਸਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ. ਅੱਜ ਵੀ ਸਾਊਦੀ ਅਰਬ ਵਰਗੇ ਦੇਸ਼ ਵਿੱਚ ਔਰਤ ਨੂੰ ਜ਼ਿੰਦਗੀ ਜਿਉਣ ਦੇ ਮੁੱਢਲੇ ਹੱਕ

ਵੀ ਹਾਸਿਲ ਨਹੀਂ ਹਨ. ਕਿਸੀ ਔਰਤ ਦਾ ਸਮੂਹਕ ਬਲਾਤਕਾਰ ਹੋ ਜਾਣ ਉੱਤੇ ਉਸ ਦੇਸ਼ ਦੀ ਅਦਾਲਤ ਔਰਤ ਨੂੰ ਹੀ ਜੇਲ੍ਹ ਦੀ ਕਾਲ-ਕੋਠੜੀ ਵਿੱਚ ਸੁੱਟ ਦਿੰਦੀ ਹੈ. ਅਨੇਕਾਂ ਦੇਸ਼ਾਂ ਦੀਆਂ ਕਮਿਊਨਿਸਟ ਸਰਕਾਰਾਂ ਦੇ ਰਾਜ ਵਿੱਚ ਵੀ ਲੱਖਾਂ ਬੇਗੁਨਾਹ ਲੋਕਾਂ ਦੇ ਖ਼ੂਨ ਨਾਲ ਹੋਲੀ ਖੇਡੀ ਜਾਂਦੀ ਰਹੀ ਹੈ.

ਅੱਜ, ਸਾਡੇ ਸਮਿਆਂ ਵਿੱਚ, ਪਿਆਰ, ਅਮਨ ਅਤੇ ਦੋਸਤੀ ਦਾ ਨਾਹਰਾ ਸ਼ਕ-ਤੀਸ਼ਾਲੀ ਆਵਾਜ਼ ਵਿੱਚ ਬੁਲੰਦ ਕਰਨ ਦੀ ਲੋੜ ਹੈ. ਸ਼ਾਇਰੀ ਦੀ ਸਾਂਝੀ ਕਿਤਾਬ 'ਲਹੂ ਦਾ ਰੰਗ' ਪ੍ਰਕਾਸ਼ਿਤ ਕਰਨ ਦਾ ਸਾਡਾ ਮਕਸਦ ਵੀ ਵਿਸ਼ਵ ਭਰ ਵਿੱਚ ਪਿਆਰ, ਅਮਨ ਅਤੇ ਦੋਸਤੀ ਦਾ ਸੁਨੇਹਾ ਦੇਣਾ ਹੈ. ਧਰਤੀ ਉੱਤੇ ਵਸਦੇ ਹਰ ਮਨੁੱਖ ਦੇ ਲਹੂ ਦਾ ਰੰਗ ਇੱਕੋ ਜਿਹਾ ਹੈ. ਫਿਰ ਧਰਮ, ਬੋਲੀ, ਦੇਸ, ਨਸਲ, ਫਿਰਕੇ ਜਾਂ ਜ਼ਾਤ-ਪਾਤ ਦੇ ਨਾਮ ਉੱਤੇ ਅਸੀਂ ਇੱਕ ਦੂਜੇ ਦੇ ਖ਼ੂਨ ਦੀਆਂ ਨਦੀਆਂ ਕਿਉਂ ਵਹਾ ਰਹੇ ਹਾਂ? ਇਹ ਸੁਆਲ ਅੱਜ ਸਾਡੇ ਸਮਿਆਂ ਦਾ ਸਭ ਤੋਂ ਵੱਡਾ ਅਤੇ ਮਹੱਤਵ-ਪੂਰਨ ਸੁਆਲ ਬਣ ਚੁੱਕਾ ਹੈ.

-ਸੁਖਿੰਦਰ
-ਸਲੀਮ ਪਾਸ਼ਾ
ਟੋਰਾਂਟੋ, ਕੈਨੇਡਾ

ਜੂਨ 4, 2017



# ਸੁਖਿੰਦਰ

# ਲਹੂ ਦੇ ਰੰਗ ਦੀਆਂ ਕਵਿਤਾਵਾਂ

ਸੁਖਿੰਦਰ ਦੀ ਸ਼ਾਇਰੀ ਵਿੱਚ ਵਿਚਾਰਾਂ ਦੀ ਗਰਮੀ ਅਤੇ ਭਾਸ਼ਾ ਦੀ ਤਲਖੀ ਹੈ. ਇਹ ਪੀੜਤ ਇਨਸਾਨੀਅਤ ਦੇ ਦੁੱਖ ਦੀਆਂ ਤਕਰੀਰਾਂ ਹਨ. ਉਸ ਨੂੰ ਇਸ ਗੱਲ ਦੀ ਵੀ ਪ੍ਰਵਾਹ ਨਹੀਂ ਕਿ ਕੋਈ ਇਨ੍ਹਾਂ ਕਵਿਤਾਵਾਂ ਨੂੰ ਅੱਛੀ ਸ਼ਾਇਰੀ ਸਮਝਦਾ ਹੈ ਜਾਂ ਨਹੀਂ. ਜਦੋਂ ਲੋਕ ਮਰ ਰਹੇ ਹੋਣ, ਉਸ ਵਕਤ ਭਾਸ਼ਾ ਦੀ ਨਜ਼ਾਕਤ ਵਿੱਚ ਉਲਝਣ ਦਾ ਕੀ ਫਾਇਦਾ. ਇਹ ਸੁਖਿੰਦਰ ਦਾ ਅਕੀਦਾ ਹੈ ਸ਼ਾਇਦ.

ਇਸ ਕਿਤਾਬ ਦੀਆਂ ਕਵਿਤਾਵਾਂ ਪੜ੍ਹਦਿਆਂ ਇਹ ਗੱਲ ਮੈਂ ਮਹਿਸੂਸ ਕੀਤੀ ਕਿ ਕਵਿਤਾ ਅਤੇ ਸਾਹਿਤ ਬਾਰੇ ਮੇਰੀ ਸਮਝ ਅਤੇ ਵਿਚਾਰਧਾਰਕ ਨਜ਼ਰੀਆ ਸੁਖਿੰਦਰ ਹੋਰਾਂ ਨਾਲੋਂ ਭਾਵੇਂ ਕਾਫੀ ਵੱਖਰਾ ਹੈ ਪਰ ਇੱਕ ਪਹਿਲੂ ਅਜਿਹਾ ਹੈ, ਜਿਸ ਬਾਰੇ ਮੈਂ ਬੜੀ ਸ਼ਿੱਦਤ ਨਾਲ ਉਨ੍ਹਾਂ ਦੇ ਨਾਲ ਹਾਂ. ਇਹ ਅਜਿਹਾ ਪਹਿਲੂ ਹੈ, ਜਿਸ ਦੇ ਸਾਹਮਣੇ ਹੋਰ ਸਾਰੇ ਮਤਭੇਦ ਛੋਟੇ ਰਹਿ ਜਾਂਦੇ ਹਨ. ਮੈਂ ਜੀਵਨ ਦੇ ਰੂਹਾਨੀ ਪ੍ਰਸੰਗਾਂ ਵਿੱਚ ਆਸਥਾ ਰੱਖਣ ਵਾਲਾ ਬੰਦਾ ਹਾਂ ਅਤੇ ਧਰਮਾਂ ਦੇ ਦਰਸ਼ਨ ਵਿੱਚ ਮੇਰੀ ਰੁਚੀ ਹੈ. ਸਿੱਧੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਮੈਂ ਰੱਬ ਵਿੱਚ ਯਕੀਨ ਰੱਖਣ ਵਾਲਾ ਬੰਦਾ ਹਾਂ ਅਤੇ ਸੁਖਿੰਦਰ ਹੋਰੀਂ ਪੱਕੇ ਨਾਸਤਿਕ ਹਨ. ਪਰ ਰੂਹਾਨੀ ਦਰਸ਼ਨ ਅਤੇ ਧਰਮਾਂ ਦੇ ਸਾਰ ਨੂੰ ਜਿਸ ਤਰੀਕੇ ਨਾਲ ਮੈਂ ਸਮਝਿਆ ਹੈ, ਉਸ ਦੇ ਅਧਾਰ ਤੇ ਮੈਂ ਕਹਿ ਸਕਦਾ ਹਾਂ ਕਿ ਧਰਮ ਦੇ ਨਾਂ ਤੇ ਸਾਰੀ ਦੁਨੀਆ ਵਿੱਚ ਜੋ ਕੁੱਝ ਹੋ ਰਿਹਾ ਹੈ, ਉਸ ਨੂੰ ਦੇਖਦਿਆਂ ਅੱਜ ਨਾਸਤਿਕ ਲੋਕ ਮੈਨੂੰ ਰੱਬ ਦੇ ਜ਼ਿਆਦਾ ਕਰੀਬ ਲੱਗਦੇ ਹਨ. ਉਹ ਕਥਿਤ ਧਾਰਮਿਕ ਲੋਕਾਂ ਨਾਲੋਂ ਜ਼ਿਆਦਾ ਧਰਮੀ ਹਨ.

ਦੁਨੀਆ ਦਾ ਹਰ ਧਰਮ ਇਸ ਮੂਲ ਧਾਰਨਾ ਤੇ ਖੜ੍ਹਾ ਹੈ ਕਿ ਸਮੁੱਚਾ ਸੰਸਾਰ ਪਰਮਾਤਮਾ ਦੀ ਰਚਨਾ ਤੇ ਰੂਪ ਹੈ, ਅਤੇ ਧਰਤੀ ਦਾ ਹਰ ਜੀਵ ਰੱਬੀ ਨੂਰ ਦਾ ਪ੍ਰਗਟਾਵਾ ਹੈ. ਪਰ ਹਰ ਧਰਮ ਨੂੰ ਮੰਨਣ ਵਾਲੇ ਲੋਕਾਂ ਦਾ ਸਭ ਤੋਂ ਵੱਧ ਜ਼ੋਰ ਇਸ ਗੱਲ ਤੇ ਲੱਗਿਆ ਰਹਿੰਦਾ ਹੈ ਕਿ ਸਾਡਾ ਧਰਮ ਬਾਕੀ ਸਾਰੇ ਧਰਮਾਂ ਨਾਲੋਂ ਉੱਚਾ ਅਤੇ ਵਧੀਆ ਹੈ. ਇਥੋਂ ਹੀ ਇਹ ਲੋਕ ਆਪਣੇ ਧਰਮ ਦੇ ਬੁਨਿਆਦੀ ਅਸੂਲ ਤੋਂ ਥਿੜ੍ਹਕਦੇ ਹਨ ਅਤੇ ਦੁਨੀਆ ਵਿੱਚ ਧਰਮ ਦੇ ਨਾਂ ਤੇ ਜੋ ਵੀ ਨਰਕ ਪੈਦਾ ਹੋਇਆ ਹੈ, ਉਹ ਇਸ ਮੁਢਲੀ ਥਿੜ੍ਹਕਣ ਦੀ ਹੀ ਪੈਦਾਵਾਰ ਹੈ. ਮੇਰੀ ਇਹ ਧਾਰਨਾ ਹੈ ਕਿ ਹਰ ਧਰਮ ਦਾ ਮੁਢਲਾ ਅਸੂਲ ਇਨਸਾਨੀ ਮੁਹੱਬਤ ਅਤੇ ਕਰੁਣਾ ਹੈ ਅਤੇ ਸਾਰੇ ਹੀ ਧਰਮ ਇਨਸਾਨੀਅਤ ਦੀ ਖਿਦਮਤ ਲਈ ਪੈਦਾ ਹੋਏ ਹਨ ਨਾ ਕਿ ਇਨਸਾਨਾਂ ਦੀ ਬਲੀ ਲੈਣ ਲਈ. ਧਰਮ ਇਨਸਾਨੀਅਤ ਲਈ ਹਨ ਨਾ ਕਿ ਇਨਸਾਨੀਅਤ ਧਰਮ ਲਈ ਹੈ.

ਸੁਖਿੰਦਰ ਹੋਰੀਂ ਮਾਰਕਸਵਾਦੀ ਵਿਸ਼ਵ-ਦ੍ਰਿਸ਼ਟੀ ਨਾਲ ਸੰਸਾਰ ਨੂੰ ਦੇਖਦੇ ਹਨ ਅਤੇ ਇਨਸਾਨੀ ਜੀਵਨ ਦੇ ਸਰੋਕਾਰਾਂ ਨੂੰ ਦੇਖਣ ਦਾ ਉਨ੍ਹਾਂ ਦਾ ਨਜ਼ਰੀਆ ਵੱਖਰਾ ਹੈ. ਇਸ ਦਰਸ਼ਨ ਨੂੰ ਚੰਗੀ ਤਰਾਂ ਦੇਖਣ ਅਤੇ ਸਮਝਣ ਦਾ ਮੌਕਾ ਮੈਨੂੰ ਵੀ ਮਿਲਿਆ. ਇਸੇ ਕਰਕੇ ਇਸ ਵਿਚਾਰਧਾਰਾ ਪ੍ਰਤੀ ਵੀ ਮੇਰੇ ਮਨ ਵਿੱਚ ਸਤਿਕਾਰ ਹੈ. ਸੁਖਿੰਦਰ ਹੋਰਾਂ ਦੁਆਰਾ ਆਪਣੀਆਂ ਇਨ੍ਹਾਂ ਕਵਿਤਾਵਾਂ ਵਿੱਚ ਜ਼ਾਹਰ ਕੀਤੇ ਗਏ ਇਸ ਗਿਲੇ ਅਤੇ ਫਿਕਰ ਨਾਲ ਮੈਂ ਪੂਰੀ ਤਰਾਂ ਇਕਮਤ ਹਾਂ ਕਿ ਅੱਜ ਦੇ ਯੁੱਗ ਵਿੱਚ ਇਨਸਾਨੀਅਤ ਦੇ ਸਭ ਤੋਂ ਵੱਡੇ ਦੁਸ਼ਮਣ 'ਧਰਮ' ਬਣੇ ਹੋਏ ਹਨ.

ਇਹ ਵੀ ਸੱਚ ਹੈ ਕਿ ਸਾਰੀ ਦੁਨੀਆ ਵਿੱਚ ਵੱਖ ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਵਿੱਚ ਸੱਚੇ-ਸੁੱਚੇ, ਸੁਹਿਰਦ ਅਤੇ ਰਹਿਮ-ਦਿਲ ਲੋਕਾਂ ਦੀ ਵੀ ਕਮੀ ਨਹੀਂ ਹੈ, ਪਰ ਜਿਨ੍ਹਾਂ ਲੋਕਾਂ ਨੇ ਧਰਮਾਂ ਦੇ ਝੰਡੇ ਚੁੱਕੇ ਹੋਏ ਹਨ, ਉਨ੍ਹਾਂ ਦੀ ਵੱਡੀ ਗਿਣਤੀ ਵਿੱਚ ਪਖੰਡ, ਝੂਠ, ਫਰੇਬ, ਨਫਰਤ ਅਤੇ ਹਿੰਸਾ ਦਾ ਬੋਲਬਾਲਾ ਹੈ. ਅੱਜ ਸਾਰੀ ਦੁਨੀਆ ਦੇ ਅਧਰਮੀਆਂ ਨੇ ਧਰਮ ਦਾ ਭੇਖ ਧਾਰ ਲਿਆ ਹੈ ਅਤੇ ਇਨ੍ਹਾਂ ਬੇਰਹਿਮ ਲੋਕਾਂ ਦੀ ਬਦੌਲਤ ਇਨਸਾਨੀਅਤ ਦਾ ਘਾਣ ਹੋ ਰਿਹਾ ਹੈ. ਜਿਹੜੇ ਲੋਕ ਅੱਜ ਆਪੋ ਆਪਣੇ ਧਰਮਾਂ ਦੀ ਰਾਜਨੀਤਕ ਤੌਰ ਤੇ ਨੁਮਾਇੰਦਗੀ ਕਰਨ ਦਾ ਦਾਅਵਾ ਕਰ ਰਹੇ ਹਨ, ਉਹ ਸਮੂਹਿਕ ਤੌਰ ਤੇ ਆਪੋ ਆਪਣੇ ਧਰਮਾਂ ਦੇ ਬੁਨਿਆਦੀ ਅਸੂਲਾਂ ਤੋਂ ਭਟਕੇ ਹੋਏ ਜਾਪ ਰਹੇ ਹਨ ਅਤੇ ਜਾਂ ਕਾਫੀ ਵੱਡੀ ਗਿਣਤੀ ਵਿੱਚ ਅਜਿਹੇ ਹਨ, ਜਿਨ੍ਹਾਂ ਲਈ ਫਰੇਬ ਇੱਕ ਆਦਤ ਬਣ ਚੁੱਕਾ ਹੈ. ਕਿਸੇ ਬਾਰੇ ਇਸ ਤਰਾਂ ਦੇ ਭਾਰੀ ਸ਼ਬਦ ਵਰਤਦਿਆਂ ਮੈਨੂੰ ਚੰਗਾ ਨਹੀਂ ਲੱਗ ਰਿਹਾ ਪਰ ਜੋ ਨਫਰਤ ਅਤੇ ਬੇਰਹਿਮੀ ਇਨ੍ਹਾਂ ਲੋਕਾਂ ਦੀ ਬਦੌਲਤ ਅੱਜ ਦੁਨੀਆ ਵਿਚ ਫੈਲ ਚੁੱਕੀ ਹੈ, ਉਸ ਨੂੰ ਦੇਖਕੇ ਦਿਲ ਦੁਖੀ ਹੁੰਦਾ ਹੈ.

ਚਾਹੇ ਸੋਸ਼ਲ ਮੀਡੀਆ ਦੇਖ ਲਓ, ਚਾਹੇ ਨਿਊਜ਼ ਮੀਡੀਆ ਦੀਆਂ ਖਬਰਾਂ ਦੇਖ ਲਓ, ਜਾਂ ਇਨ੍ਹਾਂ ਲੋਕਾਂ ਦੇ ਧਾਰਮਿਕ ਪ੍ਰਵਚਨ ਸੁਣ ਲਓ, ਅੱਜ ਬਹੁਤ ਵੱਡੀ ਗਿਣਤੀ ਅਜਿਹੇ ਲੋਕਾਂ ਦੀ ਹੈ, ਜੋ ਧਰਮ ਦੇ ਨਾਂ ਤੇ ਨਫਰਤ, ਹੰਕਾਰ ਅਤੇ ਹਿੰਸਾ ਫੈਲਾਉਣ ਵਾਲੀਆਂ ਗੱਲਾਂ ਕਰ ਰਹੇ ਹਨ. ਕੁਝ ਲੋਕ ਇਹ ਗੱਲਾਂ ਸਿੱਖੀ ਦੇ ਨਾਂ ਤੇ ਕਰ ਰਹੇ ਹਨ, ਕੁਝ ਹਿੰਦੂਵਾਦ ਦੇ ਨਾਂ ਉੱਤੇ ਅਤੇ ਕੁਝ ਇਸਲਾਮ ਦੇ ਨਾਂ ਤੇ. ਇਨ੍ਹਾਂ ਦੀ ਭਾਸ਼ਾ ਅਤੇ ਭੇਖ ਵੱਖਰੇ ਹਨ ਪਰ ਇਨ੍ਹਾਂ ਦੀ ਅਸਲੀਅਤ ਇੱਕ ਹੈ. ਇਨ੍ਹਾਂ ਸਭ ਦਾ ਮਨ ਸ਼ੈਤਾਨੀ ਹੈ. ਕਿਤੇ ਵੀ ਦੇਖ ਲਓ, ਅਜਿਹੇ ਲੋਕ ਹਮੇਸ਼ਾ ਲੜਾਈ ਝਗੜੇ ਵਾਲੀ ਅਤੇ ਨਫਰਤ ਫੈਲਾਉਣ ਵਾਲੀ ਗੱਲ ਕਰਨਗੇ.

ਇਸ ਤਰਾਂ ਦੇ ਮਹੌਲ ਵਿਚ ਮੈਨੂੰ ਇਹ ਮਹਿਸੂਸ ਹੁੰਦਾ ਹੈ ਕਿ ਜਿਹੜੇ ਲੋਕ ਨਾਸਤਿਕ ਹਨ, ਜਿਨ੍ਹਾਂ ਦਾ ਕਿਸੇ ਧਰਮ ਵਿੱਚ ਕੋਈ ਯਕੀਨ ਨਹੀਂ, ਉਨ੍ਹਾਂ ਲੋਕਾਂ ਅੰਦਰ ਇਨਸਾਨੀਅਤ ਦਾ ਦਰਦ ਅਜੇ ਵੀ ਬਚਿਆ ਹੋਇਆ ਹੈ. ਇਨ੍ਹਾਂ ਨਾਲ ਤੁਹਾਡੇ ਹੋਰ ਲੱਖ ਮਤਭੇਦ ਹੋਣ, ਪਰ ਇਹ ਲੋਕ ਕਿਸੇ ਨੂੰ ਧਰਮ, ਨਸਲ, ਜ਼ਾਤ, ਮੁਲਕ ਅਤੇ ਭਾਸ਼ਾ ਦੇ ਨਾਂ ਤੇ ਲੜਨ ਲਈ ਨਹੀਂ ਉਕਸਾਉਂਦੇ.

ਇਸ ਕਿਤਾਬ ਦਾ ਨਾਂ 'ਲਹੂ ਦਾ ਰੰਗ' ਹੈ. ਇਸ ਵਿੱਚ ਇੱਕ ਪਾਕਿਸਤਾਨੀ ਮੂਲ ਦਾ ਪੰਜਾਬੀ ਕਵੀ ਹੈ ਅਤੇ ਦੂਜਾ ਭਾਰਤੀ ਮੂਲ ਦਾ. ਇਸ ਕਿਤਾਬ ਦਾ ਸਮੁੱਚਾ ਸੰਕਲਪ, ਕਿਤਾਬ ਦਾ ਨਾਂ ਅਤੇ ਇਸ ਵਿੱਚ ਸ਼ਾਮਲ ਕਵਿਤਾਵਾਂ ਦਾ ਮੁੱਖ ਸਰੋਕਾਰ ਇਨਸਾਨੀ ਸਾਂਝ ਅਤੇ ਮੁਹੱਬਤ ਦੀ ਗੱਲ ਕਰਨਾ ਹੈ. ਅੱਜ ਧਰਮਾਂ ਦੇ ਆਪੇ-ਸਜੇ ਚੌਧਰੀਆਂ ਅਤੇ ਧਰਮਾਂ ਦੇ ਭੇਸ ਵਿੱਚ ਵਿਚਰ ਰਹੇ ਨਫਰਤ ਦੇ ਵਿਦਵਾਨਾਂ ਨੇ ਇਸ ਤਰਾਂ ਦਾ ਮਹੌਲ ਪੈਦਾ ਕਰ ਦਿੱਤਾ ਹੈ ਕਿ ਇਨਸਾਨੀ ਸਾਂਝ ਦੀਆਂ ਗੱਲਾਂ ਕਰਨ ਵਾਲੇ ਮਜ਼ਾਕ ਦਾ ਪਾਤਰ ਬਣਾ ਦਿੱਤੇ ਗਏ ਹਨ. ਇਸ ਤਰਾਂ ਦੇ ਵਿਦਵਾਨ ਇਨਸਾਨੀ ਸਾਂਝ ਅਤੇ ਸਦਭਾਵਨਾ ਦੀ ਗੱਲ ਕਰਨ ਵਾਲਿਆਂ ਨੂੰ ਕਿਤਾਬੀ ਲੋਕ ਸਮਝਦੇ ਹਨ. ਜਦੋਂ ਸੰਤਾਲੀ ਦੀ ਨਫਰਤ ਅਤੇ ਹਿੰਸਾ ਦਾ ਦੌਰ ਚੱਲਿਆ ਸੀ ਤਾਂ ਇਨਸਾਨੀ ਸਾਂਝ ਦੀ ਗੱਲ ਕਰਨ ਵਾਲੇ ਥੋੜੇ ਰਹਿ ਗਏ ਸਨ ਪਰ ਖਤਮ ਨਹੀਂ ਸਨ ਹੋਏ. ਇਸੇ ਤਰਾਂ ਜਦੋਂ ਪੰਜਾਬ ਵਿੱਚ ਨਫਰਤ ਦੀ ਲਹਿਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਉਦੋਂ ਵੀ ਸਾਂਝ ਦੀ ਗੱਲ ਕਰਨ ਵਾਲੇ ਪਾਸੇ ਧਕੇਲ ਦਿੱਤੇ ਗਏ ਸਨ. ਕੁਝ ਇਸੇ ਤਰਾਂ ਅੱਜ ਭਾਰਤ ਦੀ ਕਥਿਤ ਹਿੰਦੂ ਜਾਗਰਤੀ ਲਹਿਰ ਦੇ ਨਾਂ ਹੇਠ ਹੋ ਰਿਹਾ ਹੈ. ਮੇਰੇ ਖੱਬੇ-ਪੱਖੀ ਰਾਜਨੀਤੀ ਨਾਲ ਕੁਝ ਬੁਨਿਆਦੀ ਮਤਭੇਦ ਹਨ ਪਰ ਮੈਂ ਬਿਨਾਂ

ਝਿਜਕ ਇਹ ਗੱਲ ਕਹਿ ਸਕਦਾ ਹਾਂ ਕਿ ਪਿਛਲੇ ਦਹਾਕਿਆਂ ਦੌਰਾਨ ਨਫਰਤ ਦੇ ਹਰ ਦੌਰ ਵਿੱਚ ਖੱਬੇ ਪੱਖੀ ਵਿਚਾਰਧਾਰਾ ਵਾਲੇ ਲੋਕ ਕਾਫੀ ਹੱਦ ਤੱਕ ਨਾ ਸਿਰਫ ਧਰਮਾਂ ਦੇ ਨਾਂ ਹੇਠ ਫੈਲਾਈ ਜਾਂਦੀ ਨਫਰਤ ਤੋਂ ਬਚੇ ਰਹੇ ਬਲਕਿ ਇਸ ਦੇ ਖਿਲਾਫ ਵੀ ਡਟਕੇ ਖਲੋਤੇ. ਖੱਬੇ-ਪੱਖੀ ਵਿਚਾਰਧਾਰਾ ਵਾਲੇ ਦੋਸਤਾਂ ਨਾਲ ਹੋਰ ਸਭ ਮਤਭੇਦਾਂ ਦੇ ਬਾਵਜੂਦ ਇਹ ਮੇਰੀ ਸਭ ਤੋਂ ਵੱਡੀ ਸਾਂਝ ਹੈ ਅਤੇ ਸ਼ਾਇਦ ਇਹੀ ਕਾਰਨ ਹੈ ਕਿ ਮੇਰੇ ਦੋਸਤਾਂ ਦੇ ਸਰਕਲ ਵਿੱਚ ਜ਼ਿਆਦਾਤਰ ਅਜਿਹੇ ਹਨ, ਜਿਨ੍ਹਾਂ ਦਾ ਪਿਛੋਕੜ ਖੱਬੇ-ਪੱਖੀ ਲਹਿਰ ਨਾਲ ਜੁੜਿਆ ਹੈ.

ਇਸ ਕਿਤਾਬ ਵਿੱਚ ਸ਼ਾਮਲ ਸੁਖਿੰਦਰ ਹੋਰਾਂ ਦੀਆਂ ਕਵਿਤਾਵਾਂ ਵਿੱਚੋਂ ਕੁਝ ਸਤਰਾਂ ਮੈਂ ਚੁਣੀਆਂ ਹਨ, ਜਿਹੜੀਆਂ ਉਨ੍ਹਾਂ ਦੀ ਅਜਿਹੀ ਇਨਸਾਨੀ ਸੋਚ ਅਤੇ ਸੁਭਾਅ ਦੀ ਤਰਜਮਾਨੀ ਕਰਦੀਆਂ ਹਨ:

ਜਿੰਨੀਆਂ ਮਰਜ਼ੀ ਆਇਤਾਂ ਪੜ੍ਹ ਲਓ
ਜਿੰਨੇ ਮਰਜ਼ੀ ਮੰਤਰ,
ਪਾਣੀ ਦੇ ਨਿਰਪੱਖ ਸੁਭਾਅ 'ਤੇ
ਅਸਰ ਨਹੀਂ ਕੋਈ ਹੋਣਾ-
....

ਹਰ ਮਾਂ ਇੱਕ ਇਨਸਾਨ ਨੂੰ ਜਨਮ ਦਿੰਦੀ ਹੈ ਪਰ,
ਮਾਂ ਦੇ ਪੇਟ 'ਚੋਂ ਬਾਹਰ ਆ ਹਵਾ ਲਗਦਿਆਂ ਹੀ
ਇਨਸਾਨ, ਸਿੱਖ, ਹਿੰਦੂ, ਮੁਸਲਮਾਨ, ਯਹੂਦੀ, ਈਸਾਈ
ਵਿੱਚ ਬਦਲ ਜਾਂਦਾ ਹੈ
......

ਸੜਕ ਉੱਤੇ ਤੁਰੀ ਜਾਂਦੀ ਇੱਕ ਔਰਤ ਨੂੰ
ਹਿੰਦੂਆਂ ਨੇ ਮੁਸਲਮਾਨ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ -
ਮੁਸਲਮਾਨਾਂ ਨੇ ਉਸ ਔਰਤ ਨੂੰ
ਹਿੰਦੂ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ
ਈਸਾਈਆਂ ਨੇ ਉਸ ਔਰਤ ਨੂੰ
ਸਿੱਖ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ
ਸਿੱਖਾਂ ਨੇ ਉਸ ਔਰਤ ਨੂੰ
ਕਿਸੇ ਵੀ ਧਰਮ ਦੀ ਨ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ
ਯਹੂਦੀਆਂ ਨੇ ਉਸ ਔਰਤ ਨੂੰ
ਫਲਸਤੀਨ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ
ਬੋਧੀਆਂ ਨੇ ਉਸ ਔਰਤ ਨੂੰ

ਜੈਨੀ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ
ਧਰਮਾਂ ਦੇ ਮੁਖੌਟਿਆਂ ਪਿਛੇ ਲੁਕੇ
ਖੂੰਖਾਰ ਜਾਨਵਰਾਂ ਦੀ, ਅਸਲੀਅਤ ਪਹਿਚਾਣਦਿਆਂ
ਔਰਤ ਨੇ, ਸ਼ਹਿਰ ਦੇ ਚੌਰਸਤੇ 'ਚ ਖੜ੍ਹ ਕੇ
ਆਪਣੇ ਜਿਸਮ ਨੂੰ ਢਕ ਰਹੇ
ਸਭ ਕੱਪੜੇ, ਲੀਰੋ ਲੀਰ ਕਰ ਦਿੱਤੇ
ਮੁਖੌਟਿਆਂ ਨੂੰ ਮੁਖਾਤਿਬ ਹੋ, ਉਹ ਚੀਕੀ :
ਕੁੱਤਿਓ ! ਲਹੂ-ਲੁਹਾਨ ਹੋਏ, ਮੇਰੇ
ਨਾਜ਼ੁਕ ਅੰਗਾਂ ਵੱਲ ਦੇਖੋ ਪਹਿਚਾਣੋ !
ਕਿ ਮੈਂ ਕੌਣ ਹਾਂ ?
ਤੁਹਾਡੀ ਮਾਂ, ਭੈਣ, ਧੀ ਜਾਂ ਪਤਨੀ ?
......

ਅੱਜ ਦੁਨੀਆ ਦੇ ਵੱਖ ਵੱਖ ਹਿੱਸਿਆਂ ਅਤੇ ਸਭਿਆਚਾਰਾਂ ਵਿੱਚ ਇਨਸਾਨੀਅਤ ਜਿਨ੍ਹਾਂ ਤਾਕਤਾਂ ਤੋਂ ਪੀੜਤ ਹੈ, ਉਨ੍ਹਾਂ ਸਭ ਨੇ ਧਰਮਾਂ ਦੇ ਲਿਬਾਸ ਪਹਿਨੇ ਹਨ ਅਤੇ ਇਹ ਸਭ ਦਰਿੰਦਗੀ ਉਹ ਧਰਮਾਂ ਦੇ ਨਾਂ ਤੇ ਕਰ ਰਹੇ ਹਨ. ਮੇਰਾ ਇਹ ਮੰਨਣਾ ਹੈ ਕਿ ਇਸ ਦਰਿੰਦਗੀ ਦੇ ਖਿਲਾਫ ਬੋਲਣ ਅਤੇ ਖੜ੍ਹੇ ਹੋਣ ਦਾ ਸਭ ਤੋਂ ਪਹਿਲਾ ਫਰਜ਼ ਧਰਮਾਂ ਨੂੰ ਮੰਨਣ ਦਾ ਦਾਅਵਾ ਕਰਨ ਵਾਲੇ ਲੋਕਾਂ ਦਾ ਹੈ. ਜੋ ਜ਼ੁਲਮ ਕੁਝ ਲੋਕ ਇਸਲਾਮ ਦੇ ਨਾਂ ਤੇ ਕਰ ਰਹੇ ਹਨ, ਉਸ ਨੂੰ ਇਸਲਾਮ ਦੀ ਤੌਹੀਨ ਸਮਝਦੇ ਹੋਏ ਉਸ ਖਿਲਾਫ ਬੋਲਣ ਦਾ ਪਹਿਲਾ ਫਰਜ਼ ਮੁਸਲਮਾਨਾਂ ਦਾ ਹੈ. ਜੋ ਜ਼ੁਲਮ ਕੁਝ ਲੋਕਾਂ ਨੇ ਸਿੱਖੀ ਦੇ ਨਾਂ ਹੇਠ ਕੀਤੇ, ਉਨ੍ਹਾਂ ਦੇ ਖਿਲਾਫ ਬੋਲਣ ਦਾ ਪਹਿਲਾ ਫਰਜ਼ ਸਿੱਖਾਂ ਦਾ ਹੈ ਅਤੇ ਜੋ ਕੁਝ ਅੱਜ ਹਿੰਦੂ ਸਵੈਮਾਣ ਦੀ ਰੱਖਿਆ ਦੇ ਨਾਂ ਹੇਠ ਹੋ ਰਿਹਾ ਹੈ, ਉਸ ਦੇ ਖਿਲਾਫ ਬੋਲਣ ਦਾ ਪਹਿਲਾ ਫਰਜ਼ ਹਿੰਦੂਆਂ ਦਾ ਹੈ. ਪਰ ਅੱਜ ਸਾਰੇ ਧਰਮਾਂ ਦਾ ਇਹ ਫਰਜ਼ ਉਹ ਲੋਕ ਨਿਭਾ ਰਹੇ ਹਨ, ਜਿਨ੍ਹਾਂ ਨੂੰ ਕੱਟੜਵਾਦੀ ਲੋਕ ਖੱਬੇ-ਪੱਖੀ ਜਾਂ ਲਿਬਰਲ ਕਹਿਕੇ ਭੰਡਦੇ ਹਨ. ਅੱਜ ਸ਼ੈਤਾਨੀ ਬਿਰਤੀਆਂ ਵਾਲੇ ਲੋਕ ਧਰਮਾਂ ਦੇ ਲੀਡਰ ਬਣ ਗਏ ਹਨ ਅਤੇ ਸੱਚੇ-ਸੁੱਚੇ ਧਰਮੀ ਲੋਕ ਚੁੱਪ ਕਰ ਗਏ ਹਨ. ਇਸ ਹਾਲਤ ਵਿੱਚ ਨਫਰਤ ਦੇ ਖਿਲਾਫ ਬੋਲਣ ਦਾ ਧਰਮ ਨਿਭਾਉਣ ਦੀ ਜ਼ਿੰਮੇਦਾਰੀ ਉਨ੍ਹਾਂ ਲੋਕਾਂ ਸਿਰ ਆ ਪਈ ਹੈ, ਜਿਨ੍ਹਾਂ ਨੂੰ ਕੋਈ ਨਾਸਤਿਕ, ਕੋਈ ਅਧਾਰਮਿਕ ਅਤੇ ਕੋਈ ਖੱਬੇ-ਪੱਖੀ ਕਹਿੰਦਾ ਹੈ. ਸੁਖਿੰਦਰ ਦੀਆਂ ਕਵਿਤਾਵਾਂ ਵਿੱਚ ਇਨ੍ਹਾਂ ਚਿੰਤਾਵਾਂ ਦਾ ਇਜ਼ਹਾਰ ਵਾਰ ਵਾਰ ਹੋ ਰਿਹਾ ਹੈ.

ਇਸ ਤਰਾਂ ਦੇ ਸ਼ਾਇਰ ਨਾ ਸਿਰਫ ਨਫਰਤ ਦੀ ਸਿਆਸਤ ਦੇ ਖਿਲਾਫ ਬੋਲ ਰਹੇ ਹਨ, ਬਲਕਿ ਇਨ੍ਹਾਂ ਦੇ ਅੰਦਰ ਇਹ ਉਮੀਦ ਵੀ ਪੂਰੀ ਤਰਾਂ ਕਾਇਮ ਹੈ ਕਿ ਸਮਾਂ ਬਦਲੇਗਾ. ਨਫਰਤ ਦੇ ਦਿਨ ਬੀਤ ਜਾਣਗੇ. ਨਵੇਂ ਦੌਰ ਦੀ ਸ਼ੁਰੂਆਤ ਹੋਵੇਗੀ. ਜੀਵਨ ਪ੍ਰਤੀ ਇਸ ਤਰਾਂ ਦੀ ਆਸ਼ਾ ਇੱਕ ਰੱਬੀ ਗੁਣ ਹੈ. ਦੁਖ ਅਤੇ ਨਿਰਾਸ਼ਾ ਜੀਵਨ ਦੇ ਪੜਾਅ ਹਨ. ਅਜਿਹੇ ਪੜਾਵਾਂ ਦੌਰਾਨ ਆਸ਼ਾ ਦਾ ਦੀਵਾ ਜਗਾਈ ਰੱਖਣਾ ਫਕੀਰਾਂ ਅਤੇ ਸ਼ਾਇਰਾਂ ਦਾ ਫਰਜ਼ ਵੀ ਹੈ ਅਤੇ ਸੁਭਾਅ ਵੀ.

ਮੇਰੇ ਯਾਰੋ !

ਘਰਾਂ ਦੀਆਂ ਮਮਟੀਆਂ 'ਤੇ
ਬੁਝ ਗਏ ਚਿਰਾਗ਼ਾਂ ਨੂੰ
ਫਿਰ ਤੋਂ ਜਗਾਓ
ਕੋਈ ਤਾਂ ਜ਼ਿੰਦਗੀ ਦਾ
ਗੀਤ, ਮੁੜ ਗਾਓ
ਹਨ੍ਹੇਰਾ
ਬਹੁਤ ਹੋ ਚੁੱਕਾ !

........

ਆਦਮੀ ਡਿੱਗ ਡਿੱਗ ਕੇ
ਫਿਰ ਤੁਰਨਾ ਸਿੱਖੇਗਾ
ਧਰਤੀ ਉੱਤੇ ਫੁੱਲ
ਕਦੀ ਖਿੜਣੇ ਬੰਦ ਨਹੀਂ ਹੋਏ
ਪੰਛੀਆਂ ਨੇ ਕਦੀ
ਹਵਾ ਵਿੱਚ ਉੱਡਣਾ ਬੰਦ ਨਹੀਂ ਕੀਤਾ
ਅਸਮਾਨ ਵਿੱਚ ਤਾਰੇ
ਸਦਾ ਹੀ ਚੜ੍ਹਦੇ ਨੇ
ਹਨ੍ਹੇਰੀਆਂ ਰਾਤਾਂ ਬਾਦ
ਚੰਨ ਸਦਾ ਹੀ ਚਮਕਦਾ ਹੈ

.........

ਇਕ ਆਸਤਿਕ ਇਨਸਾਨ ਇਸ ਨਾਸਤਿਕ ਸ਼ਾਇਰ ਦੀਆਂ ਕਵਿਤਾਵਾਂ ਪੜ੍ਹਨ ਤੋਂ ਬਾਅਦ ਇਹ ਕਹਿ ਰਿਹਾ ਹੈ ਕਿ ਇਨ੍ਹਾਂ ਕਵਿਤਾਵਾਂ ਜ਼ਰੀਏ ਸੁਖਿੰਦਰ ਹੋਰੀਂ ਜੋ ਵੀ ਕਰ ਰਹੇ ਹਨ, ਉਹ ਧਰਮ ਦਾ ਕੰਮ ਹੈ. ਧਾਰਮਿਕ ਲੋਕ ਇਸ ਗੱਲ ਨੂੰ ਚਾਹੇ ਮੰਨਣ ਚਾਹੇ ਨਾ.

**-ਸ਼ਮੀਲ**

30 ਮਈ, 2017

# ਹਿੰਦੂ ਪਾਣੀ, ਮੁਸਲਿਮ ਪਾਣੀ

ਜਿੰਨੀਆਂ ਮਰਜ਼ੀ ਆਇਤਾਂ ਪੜ੍ਹ ਲਓ
ਜਿੰਨੇ ਮਰਜ਼ੀ ਮੰਤਰ, ਪਾਣੀ ਦੇ
ਨਿਰਪੱਖ ਸੁਭਾਅ 'ਤੇ
ਅਸਰ ਨਹੀਂ ਕੋਈ ਹੋਣਾ-

ਭਾਵੇਂ, ਗੰਗਾ, ਜਮਨਾ, ਸਰਸਵਤੀ ਦੇ
ਪਾਣੀ ਨੂੰ ਕਹਿ ਕੇ ਤੱਕ ਲਓ
ਸ਼ੇਖ ਫਰੀਦ, ਬੁੱਲੇ ਸ਼ਾਹ, ਵਾਰਿਸ ਦੇ
ਖੇਤਾਂ ਨੂੰ ਪਾਣੀ ਨਹੀਂ ਦੇਣਾ

ਜੇ ਲੱਗਦਾ ਹੈ ਤਾਂ ਜ਼ੋਰ ਲਗਾ ਲਓ
ਰਾਵੀ, ਜੇਹਲਮ, ਚਨਾਬ ਦੇ ਪਾਣੀ ਉੱਤੇ
ਭਗਤ, ਸਰਾਭੇ, ਊਧਮ ਦੀ
ਪਿਆਸ ਨਹੀਂ ਬੁਝਾਉਣੀ

ਬਾਬਾ ਨਜਮੀ, ਸ਼ਿਵ ਕੁਮਾਰ, ਪਾਸ਼ ਵਿੱਚ
ਕੀ ਉਹ, ਕੋਈ ਭਿੰਨ-ਭੇਦ ਕਰੇਗਾ

ਪਾਣੀ ਵਰ੍ਹੇ ਜਦ ਆਸਮਾਨ ਤੋਂ
ਬਰਖਾ ਦੀਆਂ ਬੂੰਦਾਂ ਬਣ
ਕਦ ਉਸ ਨੇ ਪੁੱਛਿਆ ਹੈ
ਕਿਹੜੇ ਖੇਤ 'ਚ ਹਿੰਦੂ ਹਲ ਵਾਹੇ
ਕਿਹੜੇ ਵਿੱਚ ਸਿੱਖ, ਈਸਾਈ, ਮੁਸਲਿਮ
ਜਾਂ ਜੈਨੀ, ਬੋਧੀ ਕੋਈ ਹਲ ਵਾਹੁੰਦਾ

ਤਪਦੇ ਮਾਰੂਥਲ ਵਿੱਚ
ਤੜਫ ਰਿਹਾ ਬੰਦਾ ਜਦ
ਪਾਣੀ, ਪਾਣੀ ਕਰਦਾ-
ਸੁੱਕੇ ਹੋਠਾਂ ਨੂੰ, ਤਰ ਕਰਨ ਤੋਂ
ਪਹਿਲਾਂ, ਕੀ ਤੂੰ ਹਿੰਦੂ
ਸਿੱਖ, ਮੁਸਿਲਮਾਂ ਜਾਂ ਈਸਾਈ
ਕੀ ਪਾਣੀ ਨੇ ਕਦੀ ਪੁੱਛਿਆ ਹੈ

ਨਵ ਜੰਮਿਆਂ ਬਾਲ ਜਦੋਂ ਕੋਈ
ਮਾਂ, ਪਹਿਲੀ ਵਾਰੀ ਪਾਣੀ ਨਾਲ ਨੁਹਾਂਦੀ
ਕੀ ਪਾਣੀ ਨੇ ਕਦੀ ਮਾਂ ਤੋਂ ਪੁੱਛਿਆ
ਕੀ ਨਵ ਜੰਮੇ ਬੱਚੇ ਦਾ ਨਾਂ ਹੈ:
ਸਾਇਮਾ, ਸਪਨਾ, ਸੁਜ਼ਨ ਜਾਂ ਸੁਰਿੰਦਰ

ਜਿੰਨੀਆਂ ਮਰਜ਼ੀ ਆਇਤਾਂ ਪੜ੍ਹ ਲਓ
ਜਿੰਨੇ ਮਰਜ਼ੀ ਮੰਤਰ, ਪਾਣੀ ਦੇ
ਨਿਰਪੱਖ ਸੁਭਾਅ 'ਤੇ
ਅਸਰ ਨਹੀਂ ਕੋਈ ਹੋਣਾ-

ਚਿੱਟੇ, ਕਾਲੇ, ਪੀਲੇ, ਖਾਕੀ
ਰੰਗ ਦੇ ਮਾਨਵ ਵਿੱਚ
ਪਾਣੀ ਨੇ ਕਦੀ, ਭਿੰਨ-ਭੇਦ
ਨਹੀਂ ਰੱਖਿਆ -

ਯੁੱਧ-ਭੂਮੀ ਵਿੱਚ ਤੜਫਦਿਆਂ
ਜਦ, ਪਾਣੀ ਦੀ ਇੱਕ ਬੂੰਦ ਲਈ
ਕੋਈ ਸਹਿਕੇ, ਕੁਰਲਾਵੇ

ਦੱਸੋ ਕਦ ਕੋਈ ਕਹਿੰਦਾ
ਹਿੰਦੂ, ਸਿੱਖ, ਮੁਸਿਲਮਾਂ, ਬੋਧੀ, ਜੈਨੀ
ਜਾਂ ਈਸਾਈ, ਪਾਣੀ ਮੇਰੇ ਲਈ ਲਿਆਓ

ਜਿੰਨੀਆਂ ਮਰਜ਼ੀ ਆਇਤਾਂ ਪੜ੍ਹ ਲਓ
ਜਿੰਨੇ ਮਰਜ਼ੀ ਮੰਤਰ, ਪਾਣੀ ਦੇ
ਨਿਰਪੱਖ ਸੁਭਾਅ ਨੂੰ
ਨਹੀਂ, ਬਦਲ ਤੁਹਾਥੋਂ ਹੋਣਾ
■

(ਮਾਲਟਨ, ਫਰਵਰੀ 9, 2014)

# ਮਾਂ ਬੋਲੀ ਦਾ ਰਿਸ਼ਤਾ

ਖ਼ੂਨ ਦੇ ਰਿਸ਼ਤੇ ਨਾਲੋਂ ਵੱਡਾ
ਮਾਂ ਬੋਲੀ ਦਾ ਰਿਸ਼ਤਾ-

ਦੇਸ਼ਾਂ, ਮਹਾਂਦੀਪਾਂ, ਧਰਮਾਂ, ਜ਼ਾਤਾਂ-ਪਾਤਾਂ
ਰੰਗਾਂ, ਨਸਲਾਂ, ਲਿੰਗ-ਭੇਦ ਦੀ
ਕੋਈ ਵੀ ਕੰਧ, ਇਸ ਰਿਸ਼ਤੇ
ਦੇ ਰਾਹ ਵਿੱਚ, ਕੰਡਿਆਂ ਵਾਲੀ
ਵਾੜ ਨਹੀਂ ਬਣ ਸਕਦੀ

ਮਾਂ ਬੋਲੀ ਪੰਜਾਬੀ ਦੇ ਗੀਤਾਂ ਦੀ ਧੁੰਨ
ਦਿੱਲੀ ਦੀਆਂ ਹਵਾਵਾਂ ਵਿੱਚ ਗੂੰਜੇ, ਜਾਂ
ਲੰਡਨ, ਪੈਰਿਸ, ਨਿਊਯਾਰਕ,
ਲਾਹੌਰ, ਟੋਰਾਂਟੋ ਦੇ ਬਾਜ਼ਾਰਾਂ ਵਿੱਚ
ਦਿਲਾਂ ਦੇ ਬੰਦ ਬੂਹੇ, ਆਪ ਮੁਹਾਰੇ
ਖੁੱਲ੍ਹ ਜਾਂਦੇ, ਹੋਠਾਂ ਉੱਤੇ
ਕੋਈ ਸਰਗਮ ਛਿੜਦੀ, ਜਿਵੇਂ
ਹਵਾ ਸੰਗ ਬਿਰਖਾਂ ਦੇ ਪੱਤੇ
ਹਿਲਦੇ, ਡਾਲੀ ਡਾਲੀ ਝੂਮਣ ਲੱਗਦੀ
ਮਹਿਕਾਂ ਭਰੀ ਹਵਾ ਦੇ ਚੁੰਮਣ ਦੀ ਨਸ਼ਿਆਈ

ਮਾਂ ਬੋਲੀ ਦਾ ਪਿਆਰ ਮਿਲੇ ਬਿਨ
ਜਾਪੇ, ਜੀਕਨ, ਮਿਲੀਆਂ ਹੋਵਨ ਕਾਲੇਪਾਣੀ
ਦੀਆਂ ਸਖਤ ਸਜ਼ਾਵਾਂ, ਆਪਣੇ ਆਪ ਤੋਂ
ਟੁੱਟੇ ਲੋਕੀਂ, ਭਟਕਣ, ਥਾਂ, ਥਾਂ, ਲੱਭਣ
ਭੁੱਲ ਚੁੱਕਿਆ, ਆਪਣੀ ਮਾਂ ਦਾ ਸਿਰਨਾਵਾਂ

ਮਾਂ ਬੋਲੀ ਨਾਲ ਜੁੜਿਆ ਵਿਰਸਾ
ਗੀਤ, ਸੰਗੀਤ, ਸਾਹਿਤ ਤੇ ਨਾਚ ਕਲਾਵਾਂ
ਮਾਂ ਬੋਲੀ ਬਿਨ ਤਾਂ, ਨਾਟਸ਼ਾਲਾ ਵੀ
ਜਾਪੇ, ਜਿਵੇਂ, ਕਿਸੇ ਦਾ ਮੰਗਵਾਂ ਕੁੜਤਾ ਪਾਇਆ

ਵਾਰਿਸ, ਬੁੱਲ੍ਹੇ, ਫਰੀਦ, ਬਾਹੂ ਦੇ ਬੋਲ
ਲੱਗਣ ਲੋਕਾਂ ਨੂੰ ਜਾਨ ਤੋਂ ਪਿਆਰੇ
ਨਾਨਕ ਦੇ ਸੂਹੇ ਬੋਲਾਂ ਵਿੱਚ ਬਿਜਲੀ ਲਿਸ਼ਕੇ
ਜਿਉਂ ਰਣ ਵਿੱਚ ਤੇਗ਼ਾਂ ਖੜਕਣ, ਨਿਕਲਣ ਚੰਗਿਆੜੇ

ਖ਼ੂਨ ਦੇ ਰਿਸ਼ਤੇ ਨਾਲੋਂ ਵੱਡਾ
ਮਾਂ ਬੋਲੀ ਦਾ ਰਿਸ਼ਤਾ-

ਦੇਸ਼ਾਂ, ਮਹਾਂਦੀਪਾਂ, ਧਰਮਾਂ, ਜ਼ਾਤਾਂ-ਪਾਤਾਂ
ਰੰਗਾਂ, ਨਸਲਾਂ, ਲਿੰਗ ਭੇਦ ਦੀ
ਕੋਈ ਵੀ ਕੰਧ, ਸ਼ਿਵ ਕੁਮਾਰ, ਪਾਸ਼, ਗਾਰਗੀ
ਫ਼ਖਰ ਜ਼ਮਾਂ, ਨੂਰ ਜਹਾਂ, ਰੇਸ਼ਮਾ, ਪੂਰਨ ਸਿੰਘ ਦੇ
ਰਾਹ ਵਿੱਚ, ਕੰਡਿਆਂ ਵਾਲੀ
ਵਾੜ ਨਹੀਂ ਬਣ ਸਕਦੀ
■

(ਮਾਲਟਨ, ਫਰਵਰੀ 20, 2014)

# ਧਰਤੀ ਦਾ ਮਸਲਾ

ਹਰ ਮਾਂ ਇੱਕ ਇਨਸਾਨ ਨੂੰ ਜਨਮ ਦਿੰਦੀ ਹੈ–
ਪਰ, ਮਾਂ ਦੇ ਪੇਟ 'ਚੋਂ ਬਾਹਰ ਆ ਹਵਾ ਲਗਦਿਆਂ ਹੀ
ਇਨਸਾਨ, ਸਿੱਖ, ਹਿੰਦੂ, ਮੁਸਲਮਾਨ, ਯਹੂਦੀ, ਈਸਾਈ
ਵਿੱਚ ਬਦਲ ਜਾਂਦਾ ਹੈ

ਧਰਤੀ ਦਾ ਇਸ ਵੇਲੇ
ਇਹ, ਸਭ ਤੋਂ ਵੱਡਾ ਮਸਲਾ
ਬਣ ਚੁੱਕਾ ਹੈ–

ਕੋਈ ਨਹੀਂ ਜਾਣਦਾ ਕਿ
ਸਿੱਖ, ਹਿੰਦੂ, ਮੁਸਲਮਾਨ, ਯਹੂਦੀ, ਈਸਾਈ ਨੂੰ
ਮੁੜ, ਇਨਸਾਨ ਕਿਵੇਂ ਬਣਾਇਆ ਜਾਵੇ

ਹਰ ਇਨਸਾਨ, ਤਾਂ
ਆਜ਼ਾਦ ਹੀ ਜੰਮਦਾ ਹੈ, ਪਰ
ਅਸੀਂ, ਉਸ ਦੇ ਪੈਰਾਂ ਵਿੱਚ
ਗੁਲਾਮੀ ਦੀਆਂ ਜੰਜੀਰਾਂ ਪਵਾ ਦਿੰਦੇ ਹਾਂ

ਧਰਤੀ ਦੇ ਕਣ, ਕਣ ਵਿੱਚ
ਇਨਸਾਨ ਮਾਰ ਕੇ, ਸ਼ੈਤਾਨ ਵਸਾ ਦਿੰਦੇ ਹਾਂ

ਧਰਤੀ ਦੇ ਚੱਪੇ, ਚੱਪੇ ਉੱਤੇ, ਵੇਖੋ, ਕਿਵੇਂ
ਅਸੀਂ, ਹੱਥਾਂ ਵਿੱਚ ਖੰਜਰ, ਖੰਡੇ, ਤ੍ਰਿਸੂਲ ਫੜ
ਧਰਮ, ਧਰਮ ਕੂਕਦੇ, ਇੱਕ ਦੂਜੇ ਨੂੰ ਕਾਫ਼ਰ ਕਹਿ
ਸਦਾ ਦੀ ਨੀਂਦ ਸਵਾ ਦਿੰਦੇ ਹਾਂ

ਕੋਈ ਕਹਿੰਦਾ :
ਅੱਲਾ ਸੋਹਣਾ
ਕੋਈ ਕਹਿੰਦਾ :
ਭਗਵਾਨ ਸੁੰਦਰ
ਕੋਈ ਕਹਿੰਦਾ :
ਵਾਹਿਗੁਰੂ ਖੂਬਸੂਰਤ

ਇਸੀ ਗੱਲ ‘ਤੇ ਲੜ, ਲੜ ਮਰਦਿਆਂ
ਸਾਨੂੰ, ਸਦੀਆਂ ਹੀ ਬੀਤ ਗਈਆਂ

ਕਿਸੀ ਨੇ–
ਨਾ ਅੱਲਾ ਤੱਕਿਆ
ਨਾ ਭਗਵਾਨ ਤੱਕਿਆ
ਨਾ ਵਾਹਿਗੁਰੂ ਤੱਕਿਆ

ਪਰ, ਫਿਰ ਵੀ–
ਅੱਲਾ, ਭਗਵਾਨ, ਵਾਹਿਗੁਰੂ ਦੇ ਨਾਂ ‘ਤੇ
ਮੰਦਿਰਾਂ, ਮਸਜਿਦਾਂ, ਗੁਰਦੁਆਰਿਆਂ, ਗਿਰਜਿਆਂ ‘ਚ ਬੰਬ ਧਮਾਕੇ ਹੁੰਦੇ
ਮਾਸੂਮਾਂ ਦੀਆਂ ਲਾਸ਼ਾਂ ਦੇ ਅੰਬਾਰ ਲੱਗਦੇ
ਗਲਾਂ ‘ਚ ਬਲਦੇ ਟਾਇਰ ਪਾਏ ਜਾਂਦੇ
ਉਬਲਦੀਆਂ ਦੇਗ਼ਾਂ ‘ਚ ਉਬਾਲੇ ਜਾਂਦੇ
ਪੱਥਰ ਮਾਰ ਮਾਰ ਕੇ ਚੀਥੜਾ, ਚੀਥੜਾ ਕੀਤੇ ਜਾਂਦੇ
ਮਾਵਾਂ ਦੇ ਪੇਟ ਵਿੱਚ ਹੀ ਖੰਜਰਾਂ ਦੀ ਭੇਟ ਚੜ੍ਹਾ ਦਿੱਤੇ ਜਾਂਦੇ

ਆਦਮੀ ਨੇ ਹੀ
ਅੱਲਾ, ਭਗਵਾਨ, ਵਾਹਿਗੁਰੂ ਸ਼ਬਦ ਦੀ ਘਾੜਤ ਕੀਤੀ

ਆਦਮੀ ਦਾ ਹੀ ਪੈਦਾ ਕੀਤਾ ਹੋਇਆ
ਇਹ ਸ਼ਾਬਦਿਕ ਜਿੰਨ, ਹੁਣ ਮੁੜ
ਚੇਤਨਾ ਦੀ ਬੋਤਲ ਵਿੱਚ, ਬੰਦ ਕਰਨਾ
ਮੁਸ਼ਕਿਲ ਹੋ ਗਿਆ

ਕਿੰਨੀ ਅਜੀਬ ਗੱਲ ਹੈ–
ਆਦਮੀ ਦਾ ਹੀ ਪੈਦਾ ਕੀਤਾ ਹੋਇਆ
ਇੱਕ ਸ਼ਬਦ, ਉਸ ਦੀ ਹੀ
ਮੌਤ ਦਾ, ਸਭ ਤੋਂ ਵੱਡਾ
ਦੁਸ਼ਮਣ ਬਣ ਬੈਠਾ ਹੈ
■

(ਫਰਵਰੀ 25, 2014, ਮਾਲਟਨ)

# ਇੱਜ਼ਤ

ਮੈਨੂੰ, ਇਹ ਸੁਨਣ ਦੀ ਲੋੜ ਨਹੀਂ
ਕਿ ਬਲਾਤਕਾਰੀ ਪੰਡਤਾਂ, ਭਾਈਆਂ, ਮੌਲਾਣਿਆਂ, ਪਾਦਰੀਆਂ
ਦਾ ਜ਼ਿਕਰ ਕਰਨ ਨਾਲ, ਕਿਸੇ
ਦੇਸ਼ ਦੀ ਇੱਜ਼ਤ ਉਪਰ ਧੱਬਾ ਲੱਗਦਾ ਹੈ –

ਭੱਠ ਵਿੱਚ ਪਵੇ ਦੇਸ਼ ਦੀ ਅਜਿਹੀ ਇੱਜ਼ਤ
ਬਲਾਤਕਾਰੀਆਂ ਦਾ ਦੇਸ਼ ਕਹਾਉਣ ਨਾਲੋਂ ਤਾਂ
ਅਜਿਹੇ ਦੇਸ਼ ਦੀ ਹੋਂਦ ਹੀ ਮਿਟ ਜਾਣੀ ਚੰਗੀ ਹੈ

ਦੇਸ਼ ਹੁੰਦਾ ਹੈ – ਜਿੱਥੇ
ਹਰ ਕਿਸੇ ਨੂੰ ਸਾਹ ਲੈਂਦੇ, ਮਾਸ ਦੇ
ਜਿਉਂਦੇ ਜਾਗਦੇ, ਮਨੁੱਖ ਸਮਝਿਆ ਜਾਂਦਾ ਹੈ
ਭੇਡਾਂ, ਬੱਕਰੀਆਂ, ਘੋੜੇ, ਗਧੇ, ਨਹੀਂ

ਦੇਸ਼ ਹੁੰਦਾ ਹੈ – ਜਿੱਥੇ
ਮਾਵਾਂ, ਧੀਆਂ, ਭੈਣਾਂ, ਪਤਨੀਆਂ, ਦਿਲਜਾਨੀਆਂ ਨੂੰ
ਪੂਰਾ ਮਾਣ ਸਤਿਕਾਰ ਮਿਲਦਾ ਹੈ
ਜ਼ਰਾ, ਜ਼ਰਾ ਜਿਹੀ ਗੱਲ ਪਿਛੇ ਉਨ੍ਹਾਂ ਦੇ ਸਿਰ
ਪੱਥਰ ਮਾਰ ਮਾਰ ਕੇ ਨਹੀਂ ਭੰਨੇ ਜਾਂਦੇ

ਦੇਸ਼ ਹੁੰਦਾ ਹੈ – ਜਿੱਥੇ
ਹਰ ਮਨੁੱਖ ਨੂੰ ਇੱਕੋ ਜਿੰਨਾ ਜਿਉਣ ਦਾ ਹੱਕ ਹੁੰਦਾ ਹੈ
ਉਚ–ਨੀਚ ਕਹਿ ਕੇ, ਮਨੁੱਖੀ ਰਿਸ਼ਤਿਆਂ ਵਿੱਚ
ਮਨੂੰਵਾਦੀ, ਬਦਬੂ ਮਾਰਦੀ, ਗੈਸ ਦਾ
ਪਾਸਾਰਾ ਨਹੀਂ ਕੀਤਾ ਜਾਂਦਾ

ਦੇਸ਼ ਹੁੰਦਾ ਹੈ – ਜਿੱਥੇ
ਹਰ ਮਨੁੱਖ – ਹਰ ਔਰਤ, ਇੱਕ ਦੂਜੇ ਨੂੰ
ਮੋਹ ਭਿੱਜੇ ਸ਼ਬਦਾਂ ਨਾਲ ਬੁਲਾਉਂਦਾ ਹੈ
ਹਿੰਦੂ–ਪਾਣੀ, ਮੁਸਲਿਮ–ਪਾਣੀ, ਕਹਿ ਕੇ
ਇੱਕ ਦੂਜੇ ਵਿਰੁੱਧ ਨਫ਼ਰਤ ਨਹੀਂ ਫੈਲਾਈ ਜਾਂਦੀ

ਮੈਨੂੰ ਇਹ ਸੁਨਣ ਦੀ ਲੋੜ ਨਹੀਂ
ਕਿ ਬਲਾਤਕਾਰੀ ਧਰਮੀ ਬੰਦਿਆਂ ਦਾ ਜ਼ਿਕਰ
ਕਹਿੰਦੇ ਕਹੋਂਦੇ, ਰਾਜਨੀਤੀਵਾਨਾਂ ਦੀ
ਰੀੜ ਦੀ ਹੱਡੀ ਵਿੱਚ
ਝੁਨਝੁਨੀ ਛੇੜ ਦਿੰਦਾ ਹੈ

ਭੱਠ ਵਿੱਚ ਪਵੇ
ਅਜਿਹੇ ਰਾਜਨੀਤੀਵਾਨਾਂ ਦੀ
ਰੀੜ ਦੀ ਹੱਡੀ ਦਾ, ਕਿਸੀ
ਅਦਿਸ ਭੈਅ ਕਾਰਨ
ਕੜਕੜ ਕਰਨਾ
■

(ਮਾਲਟਨ, ਜੂਨ 2, 2014)

# ਸਾਜ਼ਿਸ਼ੀ

ਉਨ੍ਹਾਂ ਦੇ ਕੋਲ
ਬੜੀਆਂ ਸਾਜ਼ਿਸ਼ਾਂ ਸਨ–
ਜਿਨ੍ਹਾਂ ਦੀਆਂ ਪਿੱਠਾਂ 'ਤੇ
ਉੱਗ ਆਈਆਂ ਸਨ
ਕੁੱਤਿਆਂ ਦੀਆਂ ਪੂਛਾਂ

ਉਹ, ਹਰ ਪਲ
ਸੁੰਘਦੇ ਫਿਰਦੇ ਸਨ–
ਘਰਾਂ, ਬਾਜ਼ਾਰਾਂ, ਚੌਰਸਤਿਆਂ 'ਚ
ਮਸਲੇ ਜ਼ਿੰਦਗੀ ਦਿਆਂ ਨਾਲ
ਦੋ–ਚਾਰ ਹੁੰਦੇ, ਹੱਡ–ਮਾਸ ਦੇ ਪੁਤਲੇ
ਜੁੜ ਕੇ ਬੈਠੀ, ਭੀੜ 'ਚ ਹੁੰਦੀਆਂ
ਗੱਲਾਂ ਲੋਕ–ਸਰੋਕਾਰਾਂ ਦੀਆਂ

ਉਨ੍ਹਾਂ ਦੇ ਕੋਲ
ਬੜੀਆਂ ਸਾਜ਼ਿਸ਼ਾਂ ਸਨ–
ਉਹ, ਧਾਰਮਿਕ–ਮੱਠਾਂ ਦੀ ਚਾਰ ਦੀਵਾਰੀ 'ਚ
ਲੁਕ ਕੇ, ਅੱਗ–ਲਾਊ ਭਾਸ਼ਨ ਦਿੰਦੇ
ਬੋਦੀਆਂ, ਟੋਪੀਆਂ, ਖੰਡੇ, ਕ੍ਰਿਪਾਨਾਂ, ਤ੍ਰੈਸ਼ੂਲਾਂ ਦੀ
ਜੈ ਜੈ ਕਾਰ ਹੁੰਦੀ, ਰੱਬ ਦੇ ਇਨ੍ਹਾਂ
ਏਜੰਟਾਂ ਨੂੰ, ਜੇਕਰ ਕੋਈ ਦਿੰਦਾ ਚੁਣੌਤੀ
ਏ.ਕੇ.–47 ਦੀਆਂ ਗੋਲੀਆਂ ਦੀ
ਉਸ ਉੱਤੇ, ਬਰਸਾਤ ਫਿਰ ਹੁੰਦੀ
ਜਾਂ ਤਿੰਨ–ਫੁੱਟੀ ਲਿਸ਼ਕਦੀ ਤਲਵਾਰ
ਉਸਦੇ, ਜਿਸਮ 'ਚੋਂ ਆਰ–ਪਾਰ ਹੁੰਦੀ

ਉਨ੍ਹਾਂ ਦੇ ਕੋਲ
ਬੜੀਆਂ ਸਾਜ਼ਿਸ਼ਾਂ ਸਨ–
ਲੋਕਾਂ ਦੇ ਅਹਿਸਾਸਾਂ, ਭਾਵਨਾਵਾਂ ਨੂੰ
ਬਣਾ ਕੇ ਮੱਚਦੇ ਭਾਂਬੜ
ਉਨ੍ਹਾਂ ਉੱਤੇ, ਪੈਟਰੋਲ ਛਿੜਕਣ ਦਾ ਕੋਈ
ਬਹਾਨਾ, ਉਹ ਲੱਭ ਹੀ ਲੈਂਦੇ

ਕਿਤੇ ਉਹ, ਡੇਗਦੇ ਬਾਬਰੀ ਮਸਜਿਦ ਸਣੇ ਗੁੰਬਦ
ਕਿਤੇ ਉਹ, ਅਕਾਲ ਤਖਤ ਦੀ ਇੱਟ ਨਾਲ ਇੱਟ ਖੜਕਾ ਦਿੰਦੇ
ਕਿਤੇ ਉਹ, ਗਿਰਜੇ ਨੂੰ ਪੈਟਰੋਲ ਬੰਬ ਸੁੱਟ ਝੁਲਸ ਦਿੰਦੇ
ਕਿਤੇ ਉਹ, ਰਾਮ ਮੰਦਿਰ 'ਚ ਰਾਵਣ ਦਾ ਸਿਰ ਸਜਾ ਦਿੰਦੇ
ਕਿਤੇ ਉਹ, ਦਲਿਤ ਧੀਆਂ ਦਾ ਸਮੂਹ ਬਲਾਤਕਾਰ ਕਰਦੇ
ਕਿਤੇ ਉਹ, ਮੈਂਬਰ ਪਾਰਲੀਮੈਂਟ ਬਣ
ਵਿਰੋਧੀ ਧਿਰ ਦੀਆਂ ਔਰਤਾਂ ਦੇ
ਬਲਾਤਕਾਰ ਕਰਨ ਦੀਆਂ
ਧਮਕੀਆਂ ਦਾ
ਇਜ਼ਹਾਰ
ਕਰ ਦਿੰਦੇ

ਮੇਰੇ ਯਾਰੋ !
ਘਰਾਂ ਦੀਆਂ ਮਮਟੀਆਂ 'ਤੇ
ਬੁਝ ਗਏ ਚਿਰਾਗ਼ਾਂ ਨੂੰ
ਫਿਰ ਤੋਂ ਜਗਾਓ

ਕੋਈ ਤਾਂ ਜ਼ਿੰਦਗੀ ਦਾ
ਗੀਤ, ਮੁੜ ਗਾਓ-

ਹਨ੍ਹੇਰਾ ਬਹੁਤ ਹੋ ਚੁੱਕਾ !
ਹਨ੍ਹੇਰਾ ਬਹੁਤ ਹੋ ਚੁੱਕਾ !!
ਹਨ੍ਹੇਰਾ ਬਹੁਤ ਹੋ ਚੁੱਕਾ !!!
■
(ਮਾਲਟਨ, ਜੁਲਾਈ 5, 2014)

# ਡਾਇਰੀ ਦੇ ਪੰਨੇ-18

1.
ਜੰਗਬਾਜ਼ਾਂ ਨੂੰ ਸ਼ੂਹ ਸ਼ੂਹ ਆਖੋ
ਸਰਹੱਦਾਂ ਉੱਤੇ ਬੰਦੂਕਾਂ ਨਹੀਂ
ਸੁਰਖ਼ ਗੁਲਾਬਾਂ ਨੂੰ ਮਹਿਕਾਓ
ਕੁੜੀਆਂ ਦੇ ਝੂਟਣ ਲਈ ਪੀਂਘਾਂ ਪਾਓ
ਬੱਚਿਆਂ ਦੇ ਖੇਡਣ ਲਈ ਮੈਦਾਨ ਬਣਾਓ
ਸਰਹੱਦਾਂ ਦੇ ਦੋਵੇਂ ਪਾਸੇ ਹੀ
ਹੱਡ-ਮਾਸ ਦੇ ਬੰਦੇ ਵਸਦੇ
ਬੰਦਿਆਂ ਵਾਲੀ ਰੀਤ ਚਲਾਓ
ਕਿੰਝ ਵੱਖ ਕਰ ਲਓਗੇ, ਤੁਸੀਂ
ਬਾਬਾ ਨਜਮੀਂ, ਪਾਸ਼, ਸੰਤ ਰਾਮ ਉਦਾਸੀ, ਅੰਮ੍ਰਿਤਾ
ਫ਼ਖ਼ਰ ਜ਼ਮਾਂ, ਮੁਨੀਰ ਨਿਆਜ਼ੀ, ਸ਼ਿਵ ਕੁਮਾਰ ਨੂੰ
ਐਵੇਂ ਨ ਅੱਖਾਂ ਬੰਦ ਕਰਕੇ
ਇੱਕ ਦੂਜੇ ਦੀ, ਛਾਤੀ ਉੱਤੇ
ਮੁੜ, ਮੁੜ, ਡੂੰਘੇ
ਜ਼ਖਮ ਲਗਾਓ
2.
ਜੰਗਬਾਜ਼ਾਂ ਨੂੰ ਸ਼ੂਹ ਸ਼ੂਹ ਆਖੋ
ਮੰਟੋ ਦੀ ਗੱਲ ਮੰਨ ਲਓ
ਚਾਹੇ, ਅਫ਼ਜ਼ਲ ਸਾਹਿਰ ਦੀ
ਦਾਮਨ ਨੇ ਵੀ ਇਹੀ ਗੱਲ ਕਹਿਣੀ
ਦਿਲਾਂ ਵਾਲੇ ਬੂਹੇ ਬੰਦ ਕਰਨ ਦੀ ਗੱਲ
ਕਿਸੀ ਨ ਕਹਿਣੀ, ਕਿੰਜ ਰੋਕੋਗੇ, ਤੁਸੀਂ
ਹੂਕ ਰੇਸ਼ਮਾ, ਨੂਰ ਜਹਾਂ, ਆਲਮ ਲੁਹਾਰ ਦੀ
ਅੰਮ੍ਰਿਤਸਰ ਤੱਕ ਪਹੁੰਚਣ ਤੋਂ
ਕਿੰਜ ਰੋਕੇਗੇ ਲਾਹੌਰ 'ਚ ਵਸਦੇ ਲੋਕਾਂ ਨੂੰ
ਗੁਰਦਾਸ ਮਾਨ, ਸੁਰਿੰਦਰ ਕੌਰ, ਕੁਲਦੀਪ ਮਾਣਕ ਦੇ
ਮੋਹ ਭਿੱਜੇ, ਗੀਤ ਸੁਨਣ ਤੋਂ
ਰੋਕ ਲਵੋ, ਭਗਤ ਸਿੰਘ ਦੇ ਬੋਲਾਂ ਨੂੰ
ਜੇ ਰੋਕ ਸਕੋ ਤਾਂ, ਜੋ ਅੱਜ ਵੀ
ਗੂੰਜ ਰਹੇ ਲਾਹੌਰ ਦੀਆਂ ਗਲੀਆਂ ਵਿੱਚ
'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਬਣਕੇ
ਕੁਝ ਤਾਂ ਹੋਵੇਗਾ, ਰਾਵੀ, ਜੇਹਲਮ
ਸਤਲੁਜ, ਬਿਆਸ, ਚਨਾਬ ਦੇ ਪਾਣੀਆਂ ਵਿੱਚ

ਅੱਜ ਵੀ, ਜਦ, ਲਾਹੌਰ ਦਾ ਵਾਸੀ
ਮਿਲਦਾ, ਅੰਮ੍ਰਿਤਸਰ ਦੇ ਵਾਸੀ ਨੂੰ
ਦੋਹਾਂ ਦੀਆਂ ਅੱਖਾਂ 'ਚੋਂ, ਹੰਝੂ ਡਿੱਗਦੇ
ਘੁੱਟ ਲੈਂਦੇ ਉਹ, ਇੱਕ ਦੂਜੇ ਨੂੰ
ਆਪਣੀਆਂ ਬਾਹਾਂ ਵਿੱਚ

3.

ਜੰਗਬਾਜ਼ਾਂ ਨੂੰ ਥੂਹ ਥੂਹ ਆਖੋ
ਬੰਦਿਆਂ ਵਾਲੀ ਗੱਲ ਕਰੋ ਕੋਈ
ਉੱਡਣ ਦਿਓ ਸਰਹੱਦਾਂ 'ਤੇ
ਅਮਨ ਦੀਆਂ ਘੁੱਗੀਆਂ
ਸੱਸੀ-ਪੁਨੂੰ, ਮਿਰਜ਼ਾ-ਸਾਹਿਬਾਂ, ਕੀਮਾ-ਮਲਕੀ
ਦੀ ਹੇਕ ਲਗਾਓ, ਪੈਣ ਦਿਓ
ਗਿੱਧੇ-ਭੰਗੜੇ, ਸਰਹੱਦਾਂ ਦੇ ਦੋਨੋਂ ਪਾਸੇ ਹੀ
ਵਿੱਚ ਹਵਾਵਾਂ, ਇੱਕ ਦੂਜੇ ਲਈ
ਭੇਜੋ, ਪਿਆਰ ਦੇ ਚੁੰਮਨ
ਦੋਵੇਂ ਪਾਸੇ ਵਸਦੀ, ਆਪਣੀ ਆਪਣੀ
ਮਹਿਬੂਬਾ ਜਾਂ ਮਹਿਬੂਬ ਲਈ
ਹੱਥਾਂ ਵਿੱਚ ਫੜਿਆ, ਰੁਮਾਲ ਰੇਸ਼ਮੀ
ਚੁੰਮ, ਚੁੰਮ, ਹਿਲਾਓ
ਹਵਾ 'ਚ ਉੱਡਦੇ, ਮਹਿਬੂਬਾ ਦੇ
ਲਾਲ ਦੁਪੱਟੇ ਵਾਂਗੂੰ

■

(ਮਾਲਟਨ, ਅਕਤੂਬਰ 4, 2016)

# ਭਾਰਤ

ਹੇ ਭਾਰਤ ਦੇਸ਼
ਤੇਰੀ ਮਹਾਨਤਾ ਦੀ ਗੱਲ
ਮੈਂ ਕਿੱਥੋਂ ਸ਼ੁਰੂ ਕਰਾਂ–

ਹਜ਼ਾਰਾਂ ਸਾਲ ਬੀਤ ਜਾਣ ਬਾਹਦ
ਅਜੇ ਵੀ, ਮੰਨੂਵਾਦ ਦਾ ਕੋਹੜ
ਹਰ ਭਾਰਤੀ ਦੀਆਂ ਰਗਾਂ 'ਚ
ਦੌੜ ਰਿਹਾ ਹੈ

ਅਜੇ ਵੀ ਲੋਕ
ਹਿੰਦੂ–ਪਾਣੀ, ਮੁਸਲਿਮ–ਪਾਣੀ ਕਰਦੇ ਹੋਏ
ਇੱਕ ਦੂਜੇ ਦੇ ਸਿਰ ਪਾੜਦੇ ਹਨ;
ਅਜੇ ਵੀ ਤੇਰੇ ਲੋਕ
ਮੰਦਿਰਾਂ, ਮਸਜਿਦਾਂ, ਗਿਰਜਿਆਂ
ਅਤੇ ਗੁਰਦੁਆਰਿਆਂ ਦੀਆਂ ਇੱਟਾਂ ਦੀ
ਮਨੁੱਖਾਂ ਤੋਂ ਵੱਧ ਕਦਰ ਕਰਦੇ ਨੇ;
ਅਜੇ ਵੀ ਤੇਰੇ ਲੋਕ
ਗਾਵਾਂ, ਸੂਰਾਂ, ਬੱਕਰੀਆਂ ਦੇ ਪਿੱਛੇ
ਮਨੁੱਖਾਂ ਦੇ ਕਤਲ ਕਰਦੇ ਨੇ

ਹੇ ਭਾਰਤ ਦੇਸ਼
ਮੈਂ ਤੇਰੀ ਮਹਾਨਤਾ ਦੀ ਗੱਲ
ਕਿੱਥੋਂ ਸ਼ੁਰੂ ਕਰਾਂ–

ਕਿ ਅਜੇ ਵੀ ਤੇਰੇ
ਬੌਲੀਵੁੱਡ ਦੀਆਂ ਲਿਪਸਟਕਾਂ
ਸੁਰਖੀਆਂ, ਅਤੇ ਕਰੀਮਾਂ ਨਾਲ ਭਰੇ
ਇਸ਼ਤਿਹਾਰੀ ਬਿਲ ਬੋਰਡਾਂ ਨੂੰ
ਨਹੀਂ ਦਿਖਦੇ ਸਲੱਮ–

ਹੇ ਭਾਰਤ ਦੇਸ਼
ਤੂੰ ਕਿੱਥੇ ਵੇਚ ਆਇਆਂ
ਆਪਣੇ ਧੀਆਂ-ਪੁੱਤਾਂ ਦੇ ਸੁੱਪਣੇ
ਜੋ ਗਦਰ ਦੀਆਂ ਗੂੰਜਾਂ ਵਿੱਚ ਗੂੰਜਦੇ ਰਹੇ
ਜੋ ਜਲ੍ਹਿਆਂ ਵਾਲੇ ਬਾਗ਼ 'ਚ ਡੁੱਲ੍ਹੇ ਖ਼ੂਨ 'ਚ ਸਿਸਕਦੇ ਰਹੇ
ਜੋ ਫਾਂਸੀ ਦੇ ਤਖਤੇ 'ਤੇ ਇਨਕਲਾਬ ਜ਼ਿੰਦਾਬਾਦ ਬਣਦੇ ਰਹੇ
ਜੋ ਕਾਲੇਪਾਣੀ ਦੀ ਉਮਰ ਕੈਦ ਵਿੱਚ ਵੀ ਮਹਿਕਦੇ ਰਹੇ
ਹੇ ਭਾਰਤ ਦੇਸ, ਤੂੰ ਹੀ ਦੱਸ
ਤੇਰੀਆਂ ਅਜੋਕੀਆਂ ਪ੍ਰਾਪਤੀਆਂ ਦਾ ਜ਼ਿਕਰ
ਮੈਂ ਕਿੱਥੋਂ ਸ਼ੁਰੂ ਕਰਾਂ
■

(ਮਾਲਟਨ, ਅਪ੍ਰੈਲ 11, 2005)

# ਸੁਨਹਿਰੀ ਯਾਦਾਂ

ਜਿੰਨੇ ਮਰਜ਼ੀ ਪੈਦਾ ਹੋ ਜਾਣ
ਹਿਟਲਰ, ਚੰਗੇਜ਼ ਜਾਂ ਮੁਸੋਲੀਨੀ
ਮਨੁੱਖੀ ਚੇਤਨਾ 'ਚੋਂ
ਮਿਟਾ ਨਹੀਂ ਸਕਣਗੇ
ਇਤਿਹਾਸ ਦੀਆਂ ਸੁਨਹਿਰੀ ਯਾਦਾਂ-

ਮਨੁੱਖੀ ਇਤਿਹਾਸ-
ਸਮੁੱਚੀ ਮਨੁੱਖਤਾ ਦਾ ਇਤਿਹਾਸ ਹੈ
ਮਾਊਂਟ ਐਵਰਿਸਟ ਉੱਤੇ ਪਹਿਲੇ ਕਦਮ ਰੱਖਣ ਵਾਲੇ
ਤੇਨ ਜ਼ਿੰਗ ਦਾ ਇਤਿਹਾਸ
ਪੁਲਾੜ ਦੀਆਂ ਬੁਲੰਦੀਆਂ ਛੂਹਣ ਵਾਲੇ
ਯੂਰੀ ਗਗਾਰਨ ਦਾ ਇਤਿਹਾਸ
ਧਰਤੀ ਤੋਂ ਆਕਾਸ਼ ਤੱਕ ਫੈਲ ਜਾਣ ਵਾਲੀ
ਤੈਰੇਸ਼ਕੋਵਾ ਦਾ ਇਤਿਹਾਸ
ਚੰਨ ਉੱਤੇ ਬੱਚਿਆਂ ਵਾਂਗ ਤੁਰਨਾ ਸਿੱਖਣ ਵਾਲੇ
ਨੀਲ ਆਰਮਸਟਰਾਂਗ ਦਾ ਇਤਿਹਾਸ
ਧਰਤੀ ਦੁਆਲੇ ਕਿਣਕਾ ਕਿਣਕਾ ਹੋਕੇ ਖਿੰਡ ਜਾਣ ਵਾਲੀ
ਕਲਪਨਾ ਚਾਵਲਾ ਦਾ ਇਤਿਹਾਸ

ਨ ਤਾਂ ਅਮਰੀਕਾ ਦੇ ਨਾਪਾਮ ਬੰਬ ਹੀ
ਵੀਅਤਨਾਮ ਦੀ ਧਰਤੀ ਨੂੰ ਬੰਜਰ ਹੀ ਬਣਾ ਸਕੇ ਹਨ
ਨ ਨਾਗਾਸਾਕੀ ਅਤੇ ਹੀਰੋਸ਼ੀਮਾ 'ਤੇ ਡਿੱਗੇ ਐਟਮ ਬੰਬ ਹੀ
ਜਾਪਾਨੀਆਂ 'ਚੋਂ ਮਨੁੱਖਤਾ ਖਤਮ ਕਰ ਸਕੇ ਹਨ
ਨ ਇਜ਼ਰਾਈਲੀਆਂ ਦੇ ਬੰਬਾਂ ਅਤੇ ਰਾਕਟਾਂ ਦੀ ਵਰਖਾ ਨਾਲ
ਫਲਸਤੀਨੀਆਂ ਦੇ ਮਨਾਂ 'ਚ ਪਲ ਰਹੀ ਆਜ਼ਾਦੀ ਦੀ ਰੂਹ
ਹੀ ਮਰ ਸਕੀ ਹੈ
ਨ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਫਾਂਸੀ ਲਗਾ
ਅੰਗਰੇਜ਼ਾਂ ਦੀ ਜ਼ਾਲਮ ਹਕੂਮਤ ਹਿੰਦੁਸਤਾਨ 'ਚ ਟਿਕੀ ਰਹਿ ਸਕੀ ਹੈ

ਆਦਮੀ ਡਿੱਗ ਡਿੱਗ ਕੇ
ਫਿਰ ਤੁਰਨਾ ਸਿੱਖੇਗਾ

ਧਰਤੀ ਉੱਤੇ ਫੁੱਲ
ਕਦੀ ਖਿੜਣੇ ਬੰਦ ਨਹੀਂ ਹੋਏ
ਪੰਛੀਆਂ ਨੇ ਕਦੀ
ਹਵਾ ਵਿੱਚ ਉੱਡਣਾ ਬੰਦ ਨਹੀਂ ਕੀਤਾ
ਅਸਮਾਨ ਵਿੱਚ ਤਾਰੇ
ਸਦਾ ਹੀ ਚੜ੍ਹਦੇ ਨੇ
ਹਨ੍ਹੇਰੀਆਂ ਰਾਤਾਂ ਬਾਹਦ
ਚੰਨ ਸਦਾ ਹੀ ਚਮਕਦਾ ਹੈ
■

(ਮਾਲਟਨ, ਜੂਨ 21, 2004)

# ਕੁੱਤਾ ਸਭਿਆਚਾਰ

ਕਿਸ ਤਰ੍ਹਾਂ ਆਖੋਗੇ
ਤੁਸੀਂ ਉਸਨੂੰ
ਆਪਣਾ ਸਭਿਆਚਾਰ
ਜੁ ਤੁਹਾਡੇ ਹੀ ਬੱਚਿਆਂ ਦੇ
ਹੁੰਦੇ ਰੇਪ, ਇੰਟਰਨੈੱਟ ਦੀਆਂ ਵੈੱਬ ਸਾਈਟਾਂ ਦਾ
ਸ਼ਿੰਗਾਰ ਬਣਾਉਂਦਾ ਹੈ

ਕਿਸ ਤਰ੍ਹਾਂ ਆਖੋਗੇ
ਤੁਸੀਂ ਉਸਨੂੰ
ਆਪਣਾ ਸਭਿਆਚਾਰ
ਜੁ ਤੁਹਾਡੇ ਹੀ ਬੱਚਿਆਂ ਨੂੰ
ਖੂੰਖਾਰ ਬਘਿਆੜਾਂ ਵਿੱਚ ਬਦਲਣ ਦੀਆਂ
ਨਿੱਤ ਸਿਖਿਆਵਾਂ ਦਿੰਦਾ ਹੈ

ਕਿਸ ਤਰ੍ਹਾਂ ਆਖੋਗੇ
ਤੁਸੀਂ ਉਸਨੂੰ
ਆਪਣਾ ਸਭਿਆਚਾਰ
ਜੁ ਤੁਹਾਡੇ ਸਭਿਆਚਾਰਕ ਦਰਿਆਵਾਂ ਦੇ
ਪਾਣੀਆਂ ਵਿੱਚ
ਪਿਸ਼ਾਬ ਦੀਆਂ ਧਾਰਾਂ ਮਾਰਦਾ ਹੈ

ਮਨੁੱਖੀ ਸਭਿਆਚਾਰ ਦੀ
ਸਵੱਛਤਾ ਕਾਇਮ ਰੱਖਣ ਲਈ
ਮਨੁੱਖਾਂ ਅਤੇ ਜਾਨਵਰਾਂ ਦੇ
ਸਭਿਆਚਾਰ ਵਿੱਚ
ਵਖਰੇਂਵਾਂ ਤਾਂ ਕਰਨਾ ਹੀ ਪਵੇਗਾ
ਕੁੱਤਿਆਂ ਅਤੇ ਆਦਮੀ ਵਿਚਲਾ
ਭੇਦ ਸਮਝਣਾ ਹੀ ਪਵੇਗਾ
ਚਿਹਰਿਆਂ ਅਤੇ ਮੁਖੌਟਿਆਂ ਵਿੱਚ
ਅੰਤਰ ਪੜ੍ਹਨਾ ਹੀ ਪਵੇਗਾ

ਆਖਰ ਕਿਸੇ ਦਿਨ ਤਾਂ
ਮਨੁੱਖ ਨੂੰ ਜਾਗਣਾ ਹੀ ਪਵੇਗਾ
ਆਪਣੀ ਕੁੰਭਕਰਨੀ ਨੀਂਦ ਵਿੱਚੋਂ
ਇਹ ਸਮਝਣ ਲਈ
ਕਿ ਕੌਣ, ਮਨੁੱਖੀ ਦਿਮਾਗ਼ਾਂ ਵਿੱਚ
ਗਾਰਬਿਜ ਦੇ ਢੇਰ ਲਗਾਉਣ 'ਤੇ
ਤੁਲਿਆ ਹੋਇਆ ਹੈ

ਅਤੇ ਉਹ, ਜਾਗਣ ਦਾ ਵੇਲਾ
ਆ ਚੁੱਕਾ ਹੈ
■
(ਮਾਲਟਨ, ਮਈ 24, 2004)

# ਦਿਸ਼ਾਵਾਂ

ਅਗਰਬੱਤੀ ਦੀ ਮਹਿਕ ਵਾਂਗੂੰ
ਸਭ ਦਿਸ਼ਾਵਾਂ 'ਚ, ਮੈਂ ਫੈਲਣਾ ਹੈ

ਦਿਸ਼ਾਵਾਂ ਦੀਆਂ ਹੱਦਬੰਦੀਆਂ
ਮੈਂ ਕਿਉਂ ਸਵੀਕਾਰਾਂ?

ਹਵਾ ਕਦ ਪੁੱਛਦੀ ਹੈ ਕਿਸੀ ਨੂੰ
ਕਿਸ ਦਿਸ਼ਾ ਵਿੱਚ ਜਾਏਗੀ, ਉਹ

ਧੁੱਪ ਨੇ ਕਦ ਪੁੱਛਿਆ ਹੈ
ਖੇਤਾਂ, ਚੌਰਸਤਿਆਂ, ਪਗਡੰਡੀਆਂ 'ਤੇ
ਪਸਰਣ ਤੋਂ ਪਹਿਲਾਂ

ਮਨਾਂ ਵਿੱਚ ਹੱਦਬੰਦੀਆਂ ਦੀਆਂ ਲੀਕਾਂ
ਤੁਸੀਂ ਵਾਹੋ, ਤਾਂ ਕਿਉਂ ਵਾਹੋ
ਹਨ੍ਹੇਰੇ ਦਾ ਮੁਖੌਟਾ ਪਹਿਣ
ਖ਼ੂਨ ਪੀਣੀਆਂ ਜੋਕਾਂ ਬਣ
ਤੁਸੀਂ ਆਓ, ਤਾਂ ਕਿਉਂ ਆਓ
ਬਰਸਾਤ ਆਉਂਦੀ ਹੈ ਤਾਂ ਉਸਨੇ
ਘਾਹ, ਫੁੱਲ, ਪੌਦਿਆਂ 'ਤੇ ਬਰਸਣ 'ਚ
ਕਦੀ ਵਿਤਕਰਾ ਨਹੀਂ ਕੀਤਾ
ਬਾਗ਼ਾਂ 'ਚ ਫੁੱਲ ਖਿੜਦੇ ਨੇ
ਤਾਂ ਸੁਗੰਧੀ ਚਹੁੰ-ਕੂਟਾਂ 'ਚ ਫੈਲਦੀ ਹੈ

ਪੰਛੀਆਂ ਨੇ ਹਵਾ 'ਚ ਉੱਡਦਿਆਂ ਕਦ
ਸੀਮਾਵਾਂ ਦੀ ਕੈਦ ਮੰਨੀ ਹੈ
ਧਰਮਾਂ, ਰੰਗਾਂ, ਨਸਲਾਂ, ਜਾਤਾਂ ਦੇ ਨਾਮ ਉੱਤੇ
ਦਿਸ਼ਾਵਾਂ ਦੀ ਕਿਉਂ ਲੀਕ ਪਾਉਂਦੇ ਹੋ
ਪੂਰਬ, ਪੱਛਮ, ਉੱਤਰ, ਦੱਖਣ
ਹਰ ਦਿਸ਼ਾ ਵਿੱਚ ਹੀ ਇਨਸਾਨ ਵੱਸਦੇ ਨੇ

ਧਰਤੀ 'ਤੇ ਵੱਸਦੇ ਲੋਕ ਹੀ
ਧਰਤੀ ਦੀ ਸਭ ਤੋਂ ਵੱਡਮੁੱਲੀ ਸ਼ੈ ਹਨ
ਫਿਰ ਇਨ੍ਹਾਂ 'ਚ ਵਿਚਰਦਾ ਮੈਂ
ਕਿਸੇ ਕਾਲਪਿਨਕ ਰੱਬ ਦਾ ਪੁਜਾਰੀ ਬਣ
ਆਪਣੀ ਦ੍ਰਿਸ਼ਟੀ 'ਤੇ ਕਿਉਂ ਬੰਧਨ ਲਗਾਵਾਂ

ਜ਼ਿੰਦਗੀ ਦੀ ਯੁੱਧ-ਭੂਮੀ 'ਚ
ਹਨ੍ਹੇਰੀਆਂ ਤਾਕਤਾਂ ਦੇ ਦੈਂਤਾਂ ਨਾਲ
ਨਿਰੰਤਰ ਚੱਲਦੇ ਯੁੱਧ 'ਚ ਉਲਝੇ
ਬਰਫ਼ ਦੀਆਂ ਭਰੀਆਂ ਸੜਕਾਂ 'ਤੇ
ਸਰਦ ਰੁੱਤਾਂ 'ਚ
ਨੰਗੇ ਪੈਰੀਂ, ਨੰਗੇ ਬਦਨ ਤੁਰਦੇ
ਰੂਹ ਤੱਕ ਠਰ ਰਹੇ ਲੋਕਾਂ ਲਈ
ਚੇਤਨਾ ਦੀ ਨਿੱਘੀ ਧੁੱਪ ਦੇਂਦੇ
ਸਭ ਦਿਸ਼ਾਵਾਂ 'ਚ
ਮੈਂ ਸੂਰਜ ਜਗਾਉਣੇ

ਚੰਗੇਜ਼ ਖਾਂ, ਵਲੀ ਕੰਧਾਰੀ, ਹਿਟਲਰ, ਮੂਸੋਲੀਨੀ ਜਿਹੇ
ਸੀਮਾਵਾਂ 'ਚ ਬੱਝੇ,
ਤੰਗ ਮਨਾਂ, ਅਤਿਆਚਾਰੀ ਦਿਮਾਗ਼ਾਂ,
ਚਿੜੀਆਂ ਦੇ ਕਾਤਲਾਂ ਦੀ ਪੂਛ ਬਣ
ਦਿਸ਼ਾਵਾਂ ਦੀਆਂ ਹੱਦਬੰਦੀਆਂ 'ਚ
ਮੈਂ ਕਿਉਂ ਘਿਰਾਂ?

ਹਰ ਦਿਸ਼ਾ 'ਚੋਂ ਮੈਨੂੰ
ਰੌਸ਼ਨੀ ਆਉਂਦੀ ਦਿਸੇ
ਦਿਲਾਂ ਵਾਲੇ ਬੂਹੇ ਫਿਰ ਭਲਾ
ਕਿਉਂ ਭੀੜਾਂਗਾ ਮੈਂ

ਚਹੁੰ-ਦਿਸ਼ਾਵਾਂ 'ਚ ਖੁੱਲ੍ਹਦੇ
ਮਨਾਂ ਦੇ ਦਰਵਾਜ਼ਿਆਂ 'ਚ
ਬਿਨ੍ਹਾਂ ਝਿਜਕ
ਬਿਨ੍ਹਾਂ ਡਰ
ਬਿਨ੍ਹਾਂ ਉਚੇਚ
ਆਵਾਂਗਾ-ਜਾਵਾਂਗਾ ਮੈਂ

■

(ਮਾਲਟਨ, ਜੂਨ 3, 2004)

# ਸ਼ਬਦਾਂ ਨੂੰ ਪਵਿੱਤਰ ਨ ਬਨਣ ਦਿਓ

ਪਵਿੱਤਰਤਾ ਤਾਂ ਇੱਕ ਕੈਦ ਹੈ
ਜੋ ਸ਼ਬਦਾਂ ਨੂੰ ਧੁੱਪ ਵਾਂਗ
ਚੌਗਿਰਦੇ 'ਚ ਪਸਰਨ
ਪੰਛੀਆਂ ਵਾਂਗ ਆਜ਼ਾਦ ਉੱਡਣ
ਅਤੇ ਫੁੱਲਾਂ ਵਾਂਗ, ਚਹੁੰ-ਕੂਟਾਂ 'ਚ
ਸੁਗੰਧੀ ਫੈਲਾਉਣ ਤੋਂ ਰੋਕਦੀ ਹੈ

ਕਿਤਾਬਾਂ, ਸ਼ਬਦਾਂ ਅਤੇ ਅਰਥਾਂ ਨੂੰ
ਰੇਸ਼ਮੀ ਲਿਬਾਸਾਂ ਦੀ ਕੈਦ 'ਚੋਂ ਆਜ਼ਾਦ ਕਰੋ
ਨਹੀਂ ਤਾਂ ਸ਼ੈਲਫਾਂ 'ਚ ਲੱਗੀਆਂ
ਖੂਬਸੂਰਤ ਅਤੇ ਮੋਹ ਮੰਗਦੀਆਂ ਕਿਤਾਬਾਂ
ਮਨੁੱਖੀ ਹੱਥਾਂ ਦੀ ਛੁਹ ਲਈ ਤਰਸ ਜਾਣਗੀਆਂ

ਕੌਣ ਨਹੀਂ ਜਾਣਦਾ
ਪਵਿੱਤਰ ਬਣੀਆਂ ਕਿਤਾਬਾਂ ਦਾ ਇਤਿਹਾਸ-
ਹਜ਼ਾਰਾਂ ਸਾਲ ਬੀਤ ਜਾਣ ਬਾਹਦ ਵੀ
ਮੇਰੇ ਕੰਨਾਂ 'ਚ ਢਾਲਿਆ ਹੋਇਆ ਸਿੱਕਾ
ਅਜੇ ਵੀ ਮੇਰੇ ਕੰਨ ਪਾੜ ਰਿਹਾ ਹੈ
ਸ਼ਬਦਾਂ ਵਿਚਲੀ ਪਵਿੱਤਰਤਾ ਦਾ ਸ਼ੋਰ ਪਾਉਂਦੇ
ਪਤਵੰਤੇ ਸੱਜਣਾਂ, ਦਰਸ਼ਨੀ ਚਿਹਰਿਆਂ ਤੋਂ
ਪੁੱਛਣਾ ਹੀ ਬਣਦਾ ਹੈ
ਕਿ ਮਨੁੱਖੀ ਹੱਥਾਂ ਨਾਲ ਰਚੀਆਂ
ਸੁਨਹਿਰੀ ਜਿਲਦਾਂ ਵਾਲੀਆਂ
ਰੰਗ-ਬਿਰੰਗੇ ਅੱਖਰਾਂ ਨਾਲ ਭਰੀਆਂ
ਇਹ ਸਭ ਕਿਤਾਬਾਂ
ਮਨੁੱਖਾਂ ਤੋਂ ਵੀ ਵੱਧ
ਪਵਿੱਤਰ ਕਿੰਝ ਬਣ ਗਈਆਂ

ਅਤੇ ਫਿਰ, ਪਵਿੱਤਰ ਬਣੀਆਂ
ਇਨ੍ਹਾਂ ਕਿਤਾਬਾਂ ਚੋਂ ਨਿਕਲੇ
ਪਵਿੱਤਰ ਸ਼ਬਦੀ ਜਨੂੰਨ ਨੇ

ਸੁਨਹਿਰੀ ਗੁੰਬਦਾਂ, ਮੀਨਾਰਾਂ, ਦਰਵਾਜ਼ਿਆਂ 'ਚੋਂ
ਬਾਂਗਾਂ ਬਣ ਬਣ ਅਤੇ
ਜੈਕਾਰਿਆਂ ਦੇ ਸ਼ੋਰ ਵਿੱਚ
ਰੱਬੀ ਤਲਵਾਰਾਂ, ਨੇਜ਼ਿਆਂ, ਬੰਬਾਂ, ਬੰਦੂਕਾਂ 'ਚ ਵਟ ਕੇ
ਮਨੁੱਖੀ ਖ਼ੂਨ ਦੀਆਂ ਨਦੀਆਂ ਵਹਾਈਆਂ

ਮਨੁੱਖ ਹਾਂ, ਤਾਂ ਹੀ
ਮਨੁੱਖਾਂ ਵਾਂਗੂੰ ਸੋਚਦਾ ਹਾਂ–
ਮਨੁੱਖ ਦੇ ਹੀ ਰਚੇ ਹੋਏ ਸ਼ਬਦ
ਫਿਰ ਉਸ ਤੋਂ ਵੀ ਵੱਧ, ਪਵਿੱਤਰ
ਕਿੰਝ ਹੋ ਗਏ

■

(ਮਾਲਟਨ, ਸਤੰਬਰ 17, 2004)

# ਕੈਨੇਡਾ

ਇੰਡੀਆ ਹੋਵੇ ਜਾਂ ਕੈਨੇਡਾ
ਕੋਈ ਫਰਕ ਨਹੀਂ ਪੈਂਦਾ–

ਇੱਥੇ ਵੀ ਰਾਜਨੀਤੀਵਾਨ
ਓਵੇਂ ਹੀ ਘਪਲੇ ਕਰਦੇ ਹਨ;
ਇੱਥੇ ਵੀ ਪੁਲਿਸ
ਓਵੇਂ ਹੀ ਮਾਫੀਆ ਦੀ ਮਿੱਤਰ ਹੈ;
ਇੱਥੇ ਵੀ ਦੱਲੇ
ਓਵੇਂ ਹੀ ਰੰਡੀਆਂ ਦਾ ਵਿਉਪਾਰ ਕਰਦੇ ਹਨ;
ਇੱਥੇ ਵੀ ਮੀਡੀਆ
ਓਵੇਂ ਹੀ ਠੱਗਾਂ ਦਾ ਪੱਖ ਪੂਰਦਾ ਹੈ

ਕਹਿਣ ਨੂੰ ਤਾਂ ਕੈਨੇਡਾ ਦਾ
ਚਾਰਟਰ ਆਫ ਰਾਈਟਸ, ਸਭ ਨੂੰ
ਇੱਕੋ ਜਿਹੇ ਹੀ ਹੱਕ ਦਿੰਦਾ ਹੈ
ਪਰ ਕੁਰਸੀਆਂ ਉੱਤੇ ਸੁਸ਼ੋਭਤ
ਭੱਦਰ-ਪੁਰਸ਼ਾਂ ਦੀ
ਨਜ਼ਰ ਦੀ ਮਿਹਰ ਬਿਨ੍ਹਾਂ
ਇੱਥੇ ਵੀ ਪੱਤਾ ਤੱਕ ਨਹੀਂ
ਹਿੱਲ ਸਕਦਾ–

ਸਮਗਲਰਾਂ, ਡਰੱਗ ਡੀਲਰਾਂ, ਸੈਕਸ ਟਰੇਡਰਾਂ ਦਾ
ਇੱਥੇ ਵੀ ਓਵੇਂ ਹੀ ਦਬਦਬਾ ਹੈ;
ਇੱਥੇ ਵੀ ਲੋਕ ਸ਼ਰਾਬ ਦੀ ਬੋਤਲ ਪੀ ਕੇ
ਅਤੇ ਮੁਰਗੇ ਦੀਆਂ ਟੰਗਾਂ ਚੱਬ ਕੇ
ਤੁਹਾਡਾ ਕੋਈ ਵੀ ਕੰਮ ਕਰ ਸਕਦੇ ਹਨ

ਇੱਥੇ ਵੀ ਓਵੇਂ ਹੀ
ਪੁਲਿਸ ਆਪਣੇ ਮੁਖਬਰ ਪਾਲਦੀ ਹੈ;
ਇੱਥੇ ਵੀ ਓਵੇਂ ਹੀ
ਦੱਲੇ, ਪਿੰਪਸ ਅਤੇ ਡਰੱਗ ਡੀਲਰ ਹੀ

ਸਰਕਾਰੇ-ਦਰਬਾਰੇ, ਮੂਹਰਲੀਆਂ ਕੁਰਸੀਆਂ ਉੱਤੇ
ਬੈਠੇ ਨਜ਼ਰ ਆਉਂਦੇ ਹਨ

ਇੱਥੇ ਵੀ ਓਵੇਂ ਹੀ
ਮੰਦਰਾਂ, ਮਸਜਿਦਾਂ, ਗਿਰਜਿਆਂ ਅਤੇ ਗੁਰਦੁਆਰਿਆਂ ਵਿੱਚ
ਸਰਕਾਰੀ ਦੁੱਧ ਨਾਲ ਸੱਪ ਪਾਲੇ ਜਾਂਦੇ ਹਨ;
ਇੱਥੇ ਵੀ ਓਵੇਂ ਹੀ
ਪੰਡਤ, ਭਾਈ, ਮੁੱਲਾਂ ਅਤੇ ਪਾਦਰੀ
ਹਿਟਲਰ ਦੀ ਜ਼ੁਬਾਨ ਵਿੱਚ ਜ਼ਹਿਰੀ ਭਾਸ਼ਨ ਦਿੰਦੇ ਹਨ;
ਇੱਥੇ ਵੀ ਓਵੇਂ ਹੀ
ਰਿਸ਼ਵਤਖੋਰੀ ਦਾ ਬੋਲਬਾਲਾ ਹੈ;
ਇੱਥੇ ਵੀ ਓਵੇਂ ਹੀ ਠੱਗਾਂ ਦੇ ਗਰੋਹ
ਪਾਰਲੀਮੈਂਟ ਵਿੱਚ ਆਪਣੇ ਨੁਮਾਇੰਦੇ
ਚੁਣ ਕੇ ਭੇਜਦੇ ਹਨ

ਹਾਂ! ਇੱਥੇ ਕੈਨੇਡਾ ਵਿੱਚ
ਇੰਡੀਆ ਨਾਲੋਂ ਇੱਕ ਫਰਕ ਜ਼ਰੂਰ ਹੈ-

ਇੱਥੇ, ਤੁਸੀਂ ਕੋਈ ਵੀ ਕੰਮ ਕਰਨ ਲਈ
ਬੜੀ ਆਸਾਨੀ ਨਾਲ
ਸਰਕਾਰੀ ਲਾਈਸੈਂਸ ਲੈ ਸਕਦੇ ਹੋ

ਚਾਹੇ, ਰੰਡੀਆਂ ਦਾ ਵਿਉਪਾਰ ਕਰਨਾ ਹੋਵੇ
ਚਾਹੇ, ਬੱਚਿਆਂ ਨੂੰ ਪੋਰਨੋਗਰਾਫੀ ਲਈ ਵਰਤਣਾ ਹੋਵੇ
ਚਾਹੇ, ਆਪਣੇ ਹੀ ਘਰ ਨੂੰ ਚਕਲਾ ਬਨਾਉਣਾ ਹੋਵੇ
ਚਾਹੇ, ਆਪਣੇ ਹੀ ਬੱਚਿਆਂ ਨੂੰ ਦੱਲੇ ਬਨਾਉਣਾ ਹੋਵੇ
ਚਾਹੇ, ਆਪਣੀ ਹੀ ਪਤਨੀ, ਧੀ ਜਾਂ ਮਾਂ ਨੂੰ ਰੰਡੀ ਬਨਾਉਣਾ ਹੋਵੇ
ਚਾਹੇ, ਤੰਬਾਕੂ ਪਿਆ ਪਿਆ ਲੋਕਾਂ ਨੂੰ ਕੈਂਸਰ ਨਾਲ ਮਾਰਨਾ ਹੋਵੇ

ਇੱਥੇ ਵੀ ਪੰਜਾਬੀ ਰੇਡੀਓ ਪੇਸ਼ਕਰਤਾ
ਬ੍ਰਾਹਮਣੀ ਰਹੁ-ਰੀਤਾਂ ਦਾ
ਪਾਸਾਰ ਕਰਨ ਵਿੱਚ ਹੀ
ਵਧੇਰੇ ਰੁਚਿਤ ਹੁੰਦੇ ਹਨ;
ਲੋਕ ਸਮੱਸਿਆਵਾਂ ਦਾ ਚਰਚਾ
ਤਾਂ ਐਵੇਂ, ਆਟੇ ਵਿੱਚ
ਲੂਣ ਵਾਂਗ ਹੀ ਹੁੰਦਾ ਹੈ

ਇੱਥੇ ਵੀ ਰੇਡੀਓ ਹੋਸਟ
ਬਾਲੀਵੁੱਡ ਦੇ ਲੱਚਰ
ਅਤੇ ਘਟੀਆ ਚੁਟਕਲਿਆਂ ਨਾਲ ਹੀ
ਲੋਕਾਂ ਦਾ ਸਮਾਂ ਜਾਇਆ ਕਰਦੇ ਹਨ-

ਇੰਡੀਆ ਹੋਵੇ ਜਾਂ ਕੈਨੇਡਾ
ਇਸੇ ਲਈ, ਲੋਕਾਂ ਨੂੰ
ਇੱਕੋ ਜਿਹਾ ਹੀ ਲੱਗਦਾ ਹੈ
■

(ਮਾਲਟਨ, ਅਪ੍ਰੈਲ 11, 2005)

# ਬਲਾਤਕਾਰੀ

ਸੜਕ ਉੱਤੇ ਤੁਰੀ ਜਾਂਦੀ ਇੱਕ ਔਰਤ ਨੂੰ
ਹਿੰਦੂਆਂ ਨੇ ਮੁਸਲਮਾਨ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ –

ਮੁਸਲਮਾਨਾਂ ਨੇ ਉਸ ਔਰਤ ਨੂੰ
ਹਿੰਦੂ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ

ਈਸਾਈਆਂ ਨੇ ਉਸ ਔਰਤ ਨੂੰ
ਸਿੱਖ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ

ਸਿੱਖਾਂ ਨੇ ਉਸ ਔਰਤ ਨੂੰ
ਕਿਸੇ ਵੀ ਧਰਮ ਦੀ ਨ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ

ਯਹੂਦੀਆਂ ਨੇ ਉਸ ਔਰਤ ਨੂੰ
ਫਲਸਤੀਨ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ

ਬੋਧੀਆਂ ਨੇ ਉਸ ਔਰਤ ਨੂੰ
ਜੈਨੀ ਸਮਝ ਕੇ, ਉਸਦਾ
ਬਲਾਤਕਾਰ ਕਰ ਦਿੱਤਾ

ਧਰਮਾਂ ਦੇ ਮੁਖੌਟਿਆਂ ਪਿਛੇ ਲੁਕੇ
ਖੂੰਖਾਰ ਜਾਨਵਰਾਂ ਦੀ, ਅਸਲੀਅਤ ਪਹਿਚਾਣਦਿਆਂ
ਔਰਤ ਨੇ, ਸ਼ਹਿਰ ਦੇ ਚੌਰਸਤੇ 'ਚ ਖੜ੍ਹ ਕੇ
ਆਪਣੇ ਜਿਸਮ ਨੂੰ ਢਕ ਰਹੇ
ਸਭ ਕੱਪੜੇ, ਲੀਰੋ ਲੀਰ ਕਰ ਦਿੱਤੇ

ਮੁਖੌਟਿਆਂ ਨੂੰ ਮੁਖਾਤਿਬ ਹੋ, ਉਹ ਚੀਕੀ :
ਕੁੱਤਿਓ ! ਲਹੂ-ਲੁਹਾਨ ਹੋਏ, ਮੇਰੇ
ਨਾਜ਼ੁਕ ਅੰਗਾਂ ਵੱਲ ਦੇਖੋ-
ਪਹਿਚਾਣੋ ! ਕਿ ਮੈਂ ਕੌਣ ਹਾਂ ?

ਤੁਹਾਡੀ ਮਾਂ, ਭੈਣ, ਧੀ ਜਾਂ ਪਤਨੀ ?
■
(ਮਾਲਟਨ, ਅਕਤੂਬਰ 16, 2008)

# ਸੰਤੁਸ਼ਟੀ

ਕੁਝ ਸਖਸ਼
ਮਨੁੱਖ ਦੀ ਜੂਨ 'ਚ ਪੈ
ਸੰਤੁਸ਼ਟੀ ਮਹਿਸੂਸ ਨਹੀਂ ਕਰਦੇ

ਉਹ, ਹਰ ਵਕਤ
ਪਸ਼ੂ ਬਨਣਾ ਹੀ
ਲੋਚਦੇ ਹਨ–

ਅਜਿਹੇ ਮਨੁੱਖਾਂ ਨੂੰ, ਮੈਂ ਦੇਖਿਆ:
ਖੂੰਖਾਰ ਦੰਦਾਂ ਵਾਲੇ ਕੁੱਤਿਆਂ ਵਾਂਗ ਵੱਢਦੇ
ਸੱਪਾਂ ਵਾਂਗ ਮੂੰਹਾਂ 'ਚੋਂ ਵਿਸ ਘੋਲਦੇ
ਬਾਂਦਰਾਂ ਵਾਂਗ ਟਪੂਸੀਆਂ ਮਾਰਦੇ
ਖੋਤਿਆਂ ਵਾਂਗ ਦੁਲੱਤੀਆਂ ਚਲਾਂਦੇ
ਸਾਨ੍ਹਾਂ ਵਾਂਗ ਖੌਰੂ ਪਾਉਂਦੇ
ਗਧਿਆਂ ਵਾਂਗ, ਸ਼ਰਾਬੀ ਹੋ, ਨਾਲੀਆਂ 'ਚ ਡਿੱਗਦੇ

ਕੁਝ ਸਖਸ਼
ਮਨੁੱਖ ਦੀ ਜੂਨ 'ਚ ਪੈ
ਸੰਤੁਸ਼ਟੀ ਮਹਿਸੂਸ ਨਹੀਂ ਕਰਦੇ–

ਅਜਿਹੇ ਮਨੁੱਖਾਂ ਨੂੰ, ਤੁਸੀਂ ਵੀ ਦੇਖਿਆ ਹੋਵੇਗਾ:
ਪਾਰਲੀਮੈਂਟ ਹਾਲਾਂ 'ਚ, ਇੱਕ ਦੂਜੇ ਪਿੱਛੇ, ਲੰਗੂਰਾਂ ਵਾਂਗ ਭੱਜਦਿਆਂ
ਗੁਰਦੁਆਰਿਆਂ 'ਚ ਪ੍ਰਸ਼ਾਦਿ ਦੀਆਂ ਭਰੀਆਂ ਪਰਾਤਾਂ ਨੂੰ ਠੁੱਢੇ ਮਾਰਦਿਆਂ
ਧਾਰਮਿਕ ਜਨੂੰਨ 'ਚ ਅੰਨ੍ਹੇ ਹੋ, ਗਰਭਵਤੀਆਂ ਦੇ ਢਿੱਡਾਂ 'ਚ ਛੁਰੇ ਖੋਭਦਿਆਂ
ਮਸ਼ੀਨ ਗੰਨਾਂ 'ਚੋਂ ਗੋਲੀਆਂ ਦੀ ਵਾਛੜ ਕਰਕੇ ਲਾਸ਼ਾਂ ਦੇ ਅੰਬਾਰ ਲਗਾਂਦਿਆਂ

ਕੁਝ ਸਖਸ਼
ਮਨੁੱਖ ਦੀ ਜੂਨ 'ਚ ਪੈ
ਸੰਤੁਸ਼ਟੀ ਮਹਿਸੂਸ ਨਹੀਂ ਕਰਦੇ

ਉਹ, ਹਰ ਵਕਤ
ਪਸ਼ੂ ਬਨਣਾ ਹੀ
ਲੋਚਦੇ ਹਨ-

ਅਜਿਹੇ ਮਨੁੱਖਾਂ ਨੂੰ, ਤੁਸੀਂ ਕੋਈ ਵੀ ਨਾਮ ਦੇ ਸਕਦੇ ਹੋ:
ਜੋਰਜ ਬੁੱਸ਼, ਹਿਟਲਰ, ਮੁਸੋਲੀਨੀ, ਓਸਾਮਾ-ਬਿਨ-ਲਾਦੇਨ ਜਾਂ ਈਦੀ ਅਮੀਨ

ਆਪਣੀ ਤਾਕਤ ਦੇ ਨਸ਼ੇ ਵਿੱਚ ਮਗਰੂਰ ਹੋ
ਉਹ, ਜ਼ਿੰਦਗੀ ਦੇ ਰੰਗ-ਮੰਚ ਉੱਤੇ ਆਉਂਦੇ ਹਨ
ਮਨੁੱਖੀ ਇਤਿਹਾਸ ਦੇ ਪਹੀਏ ਨੂੰ ਜਾਮ ਕਰਨ ਲਈ

ਕਬਰਸਤਾਨਾਂ 'ਚ ਰੁਲ ਰਹੀਆਂ ਨੇ, ਉਨ੍ਹਾਂ ਦੀਆਂ ਹੱਡੀਆਂ
ਰੇਤ ਦਾ ਕਿਣਕਾ ਕਿਣਕਾ ਬਣਕੇ

ਪਰ ਉਨ੍ਹਾਂ ਤੋਂ ਬੇਪ੍ਰਵਾਹ
ਮਨੁੱਖੀ ਕਾਫ਼ਲਾ, ਤੁਰਿਆ ਜਾ ਰਿਹਾ
ਆਪਣੇ ਪੂਰੇ ਜਾਹੋ-ਜਲਾਲ ਵਿੱਚ:

ਪੂਰਬ ਤੋਂ ਪੱਛਮ
ਉੱਤਰ ਤੋਂ ਦੱਖਣ ਤੱਕ

ਧਰਤੀ ਦੇ ਗੀਤ ਗਾਉਂਦਾ-
ਗੁਲਾਬਾਂ ਦੀ ਮਹਿਕ ਵੰਡਦਾ-
ਕਿਰਨਾਂ ਦੇ ਸਤਰੰਗ ਬਖੇਰਦਾ-
'ਜ਼ਿੰਦਗੀ-ਜ਼ਿੰਦਾਬਾਦ' ਦੇ
ਨਾਹਰੇ ਲਗਾਉਂਦਾ

■

(ਮਾਲਟਨ, ਮਈ 11, 2009)

# ਪੁੱਠਾ ਗੇੜ

ਇਤਿਹਾਸ ਨੂੰ ਪੁੱਠਾ ਗੇੜ ਦੇਣ ਵਾਲੇ ਕਿਰਦਾਰ
ਮੁੜ, ਮੁੜ ਆਉਂਦੇ ਹਨ-

ਹਰ ਵਾਰ, ਉਨ੍ਹਾਂ ਦੇ ਚਿਹਰੇ ਉੱਤੇ
ਕੋਈ ਨਵਾਂ ਮੁਖੌਟਾ ਸਜਿਆ ਹੁੰਦਾ ਹੈ

ਪਰ, ਉਨ੍ਹਾਂ ਦੇ ਨਾਹਰੇ ਨਹੀਂ ਬਦਲੇ:
ਸਿਰਫ ਹਿੰਦੂਆਂ ਲਈ
ਸਿਰਫ ਸਿੱਖਾਂ ਲਈ
ਸਿਰਫ ਮੁਸਲਮਾਨਾਂ ਲਈ
ਸਿਰਫ ਯਹੂਦੀਆਂ ਲਈ
ਸਿਰਫ ਈਸਾਈਆਂ ਲਈ

ਸਦੀਆਂ ਬੀਤ ਜਾਣ ਬਾਹਦ ਵੀ
ਉਨ੍ਹਾਂ ਦੇ ਬੰਦ ਦਿਮਾਗ਼ਾਂ ਦੇ ਬੂਹੇ ਨਹੀਂ ਖੁੱਲ੍ਹੇ
ਉਹ, ਅਜੇ ਵੀ, ਇਨਸਾਨ ਨਹੀਂ ਬਣ ਸਕੇ

ਧਰਮ ਧਰਮ ਕੂਕਦੇ, ਉਹ
ਨਿੱਕੀਆਂ ਨਿੱਕੀਆਂ ਬੱਚੀਆਂ ਦੇ ਢਿੱਡਾਂ ਵਿੱਚ
ਛੁਰੇ ਘੋਪ ਦਿੰਦੇ ਹਨ
ਧਰਮ ਦੇ ਨਾਮ ਉੱਤੇ, ਉਹ
ਆਪਣੀ ਮਾਂ ਜਿਹੀ ਔਰਤ ਦਾ
ਬਲਾਤਕਾਰ ਕਰ ਦਿੰਦੇ ਹਨ
ਧਰਮ ਦੇ ਨਾਮ ਉੱਤੇ, ਉਹ
ਆਪਣੀਆਂ ਹੀ ਮਾਸੂਮ ਧੀਆਂ ਦੇ
ਜਿਸਮਾਂ ਦੇ ਟੁੱਕੜੇ ਟੁੱਕੜੇ ਕਰਕੇ
ਤੰਦੂਰ ਵਿੱਚ ਬਾਲਣ ਬਣਾ ਬਾਲ ਦਿੰਦੇ ਹਨ

ਕੁਝ ਵੀ ਨਹੀਂ ਬਚਿਆ
ਇਨ੍ਹਾਂ ਮੁਖੌਟਾਧਾਰੀ ਕਿਰਦਾਰਾਂ ਤੋਂ-

ਰੇਡੀਓ, ਟੀਵੀ, ਇੰਟਰਨੈੱਟ
ਅਖਬਾਰਾਂ, ਮੈਗਜ਼ੀਨ
ਸਕੂਲ, ਕਾਲਿਜ, ਯੂਨੀਵਰਸਿਟੀਆਂ
ਦਫ਼ਤਰ, ਘਰ, ਸ਼ਾਪਿੰਗ ਪਲਾਜ਼ੇ

ਹਰ ਜਗ੍ਹਾ ਹੀ, ਇਹ
ਦਨਦਨਾਂਦੇ ਫਿਰਦੇ ਹਨ

ਕਿਸੇ ਦੇਸ਼ ਦੀ ਖੁਫੀਆ ਫੌਜ ਦੇ
ਸਿਪਾਹੀਆਂ ਵਾਂਗ-
ਕਾਰਾਂ, ਵੈਨਾਂ, ਟਰੱਕਾਂ 'ਚ ਲੁਕੇ ਬੈਠੇ
ਆਪਣੇ ਮਨਾਂ 'ਚ ਪਲ ਰਹੇ
ਨਫਰਤ ਦੇ ਕੀਟਾਣੂੰਆਂ ਦੀ
ਉਲਟੀ ਕਰਨ ਲਈ

■

(ਮਾਲਟਨ, ਜਨਵਰੀ 21, 2010)

# ਰਾਜਨੀਤੀ ਦੇ ਦਲਾਲ

ਉਨ੍ਹਾਂ ਨੂੰ, ਇਸ ਗੱਲ ਨਾਲ
ਕੋਈ ਵਾਸਤਾ ਨਹੀਂ ਹੁੰਦਾ
ਕਿ ਹੱਸਦੇ ਵੱਸਦੇ ਘਰ
ਉਜਾੜ ਦਿੱਤੇ ਜਾਣਗੇ

ਝੀਲਾਂ, ਨਦੀਆਂ, ਦਰਿਆਵਾਂ ਵਿੱਚ
ਫੈਕਟਰੀਆਂ ਦਾ, ਬੇਹਿਸਾਬ ਤੇਜ਼ਾਬੀ
ਕੂੜਾ ਕਰਕਟ ਸੁੱਟ ਕੇ
ਪੀਣ ਵਾਲੇ ਪਾਣੀ ਦੇ ਸਰੋਤਾਂ ਨੂੰ
ਜ਼ਹਿਰ ਦੇ ਭਰੇ ਭੰਡਾਰਾਂ ਵਿੱਚ
ਤਬਦੀਲ ਕਰ ਦਿੱਤਾ ਜਾਵੇਗਾ

ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ ਨੂੰ
ਮਨੁੱਖੀ ਚੇਤਨਾ ਵਿੱਚ ਜਾਗ੍ਰਿਤੀ
ਲਿਆਉਣ ਵਾਲੇ ਕੇਂਦਰ ਬਨਾਉਣ ਦੀ ਥਾਂ
ਲੋਕ-ਹਿਤਾਂ ਦਾ ਪ੍ਰਚਮ ਲਹਿਰਾਉਣ ਵਾਲੇ
ਲੋਕਾਂ ਉੱਤੇ, ਤਸ਼ੱਦਦ ਢਾਹੁਣ ਵਾਲੇ ਖੁਫ਼ੀਆ
ਕੇਂਦਰਾਂ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ

ਉਨ੍ਹਾਂ ਨੂੰ, ਇਸ ਗੱਲ ਨਾਲ ਵੀ
ਕੋਈ ਵਾਸਤਾ ਨਹੀਂ ਹੁੰਦਾ ਕਿ
ਉਨ੍ਹਾਂ ਦੇ ਰਾਜਨੀਤਿਕ ਆਕਾ ਦੇ
ਸੁਫ਼ਨਿਆਂ ਦੀ ਪੂਰਤੀ ਹਿਤ
ਕਿਤਨੇ ਹਜ਼ਾਰਾਂ ਜਾਂ ਲੱਖਾਂ
ਹਿੰਦੂਆਂ, ਸਿੱਖਾਂ, ਮੁਸਲਮਾਨਾਂ
ਈਸਾਈਆਂ, ਯਹੂਦੀਆਂ ਜਾਂ ਬੋਧੀਆਂ ਦੇ
ਸਿਰ ਕਤਲ ਕਰ ਦਿੱਤੇ ਜਾਣਗੇ
ਕਿੰਨੀਆਂ ਮਾਵਾਂ, ਧੀਆਂ, ਭੈਣਾਂ ਨੂੰ
ਅੱਗ ਦੇ ਦਰਿਆ ਵਿੱਚ ਤੈਰਨ ਲਈ
ਮਜਬੂਰ ਕੀਤਾ ਜਾਵੇਗਾ
ਕਿਤਨੇ ਹਜ਼ਾਰਾਂ ਬੱਚੇ, ਸਦਾ ਲਈ

ਯਤੀਮ ਘਰਾਂ ਦੇ ਵਾਸੀ
ਹੋ ਕੇ ਰਹਿ ਜਾਣਗੇ

ਉਨ੍ਹਾਂ ਨੂੰ, ਇਸ ਗੱਲ ਨਾਲ ਵੀ
ਕੋਈ ਵਾਸਤਾ ਨਹੀਂ ਹੁੰਦਾ ਕਿ
ਉਨ੍ਹਾਂ ਦਾ ਕੰਨ ਪਾੜਵਾਂ ਨਾਹਰਾ :
'ਅੱਲ੍ਹਾ-ਹੂ-ਅਕਬਰ'
'ਜੋ ਬੋਲੇ ਸੋ ਨਿਹਾਲ'
'ਜੈ ਬਜਰੰਗ ਬਲੀ'
'ਯੀਸੂ ਮਸੀਹ ਦੀ ਜੈ'
ਵਾਤਾਵਰਨ ਨੂੰ, ਕਿੰਨਾ
ਜ਼ਹਿਰੀਲਾ ਬਣਾ ਦੇਵੇਗਾ

ਰਾਜਨੀਤੀ ਦੇ ਦਲਾਲ
ਮਹਿਜ਼, ਚੰਦ ਕੁ ਡਾਲਰਾਂ ਦੀ
ਲਾਲਸਾ ਵਿੱਚ ਆ
ਆਮ ਆਦਮੀ ਦੀ ਚੇਤਨਾ ਨੂੰ
ਕਿਤਨਾ ਪ੍ਰਦੂਸ਼ਿਤ ਕਰ ਦਿੰਦੇ ਹਨ
ਉਨ੍ਹਾਂ ਨੂੰ, ਇਸ ਗੱਲ ਨਾਲ
ਕੋਈ ਵਾਸਤਾ ਨਹੀਂ ਹੁੰਦਾ
■

(ਮਾਲਟਨ, ਫਰਵਰੀ 24, 2010)

# ਸੱਪਾਂ ਦਾ ਮੌਸਮ

ਕਿਤੋਂ ਨਹੀਂ ਆਉਣਗੇ
ਉਹ, ਇੱਥੇ ਹੀ ਕਿਤੇ
ਲੁਕੇ ਹੋਣਗੇ, ਤੁਹਾਡੀਆਂ
ਆਸਤੀਨਾਂ ਵਿੱਚ–

ਤੁਹਾਡੇ ਘਰਾਂ ਦੇ ਵਿਹੜਿਆਂ ਵਿੱਚ
ਘਰਾਂ ਦੀਆਂ ਬੇਸਮੈਂਟਾਂ ਵਿੱਚ
ਘਰਾਂ ਦੇ ਚੁਬਾਰਿਆਂ ਵਿੱਚ
ਘਰਾਂ ਦੀ ਇਸ ਨੁੱਕਰ
ਜਾਂ ਕਿਸੀ ਹੋਰ ਨੁੱਕਰ ਵਿੱਚ

ਕਿਤੋਂ ਨਹੀਂ ਆਉਣਗੇ
ਉਹ, ਇੱਥੇ ਹੀ ਕਿਤੇ
ਲੁਕੇ ਹੋਣਗੇ–

ਤੁਹਾਡੇ ਹੀ ਮਿੱਤਰਾਂ ਦੇ
ਖ਼ੂਬਸੂਰਤ ਚਿਹਰਿਆਂ ਪਿੱਛੇ
ਤੁਹਾਡੇ ਹੀ ਰਿਸ਼ਤੇਦਾਰਾਂ ਦੀਆਂ
ਅੰਤਰੀਵ ਇਛਾਵਾਂ 'ਚ
ਪਲ ਰਹੇ ਹੋਣਗੇ, ਕੈਂਸਰ ਦੇ
ਕੀਟਾਣੂੰਆਂ ਵਾਂਗੂੰ

ਕਿਤੋਂ ਨਹੀਂ ਆਉਣਗੇ
ਉਹ, ਇੱਥੇ ਹੀ ਕਿਤੇ
ਲੁਕੇ ਹੋਣਗੇ–

ਕਿਸੇ ਗੁਰਦੁਆਰੇ ਦੇ ਗੁੰਬਦਾਂ ਵਿੱਚ
ਕਿਸੇ ਮੰਦਰ ਦੇ ਦਰਵਾਜ਼ਿਆਂ ਓਹਲੇ
ਕਿਸੇ ਮਸਜਿਦ ਦੇ ਮੀਨਾਰਾਂ ਦੀ ਛੱਤ ਥੱਲੇ
ਕਿਸੇ ਗਿਰਜੇ ਦੀਆਂ ਘੰਟੀਆਂ ਅੰਦਰ

ਜ਼ਰਾ ਮੌਸਮ ਕਰਵਟ ਤਾਂ ਲਵੇ
ਕਿਤੋਂ ਗਰਮ ਹਵਾ ਦਾ ਬੁੱਲ੍ਹਾ ਆਵੇ ਤਾਂ ਸਹੀ
ਕੋਈ ਜ਼ਹਿਰੀਲੇ ਬੋਲ ਮੂੰਹ 'ਚੋਂ ਕੱਢੇ ਤਾਂ ਸਹੀ
ਕੋਈ ਧਰਮ, ਧਰਮ ਕੂਕੇ ਤਾਂ ਸਹੀ
■

(ਮਾਲਟਨ, ਜਨਵਰੀ 8, 2011)

# ਬਾਂਦਰਾਂ ਦਾ ਦੇਸ

ਜਿੱਥੇ, ਮੰਦਿਰਾਂ ਦੇ ਪੁਜਾਰੀ
ਔਰਤਾਂ ਨੂੰ, ਦੇਵੀਆਂ ਵਾਂਗ ਸਜਾ
ਪਵਿੱਤਰ ਮੰਤਰ ਪੜ੍ਹ, ਰੱਬ ਦੀਆਂ
ਵੇਸਵਾਵਾਂ ਦਾ ਖਿਤਾਬ ਦੇ, ਆਪਣੇ
ਜਿਸਮ ਵੇਚਣ ਲਈ, ਗੋਸ਼ਤ
ਮੰਡੀ ਵਿੱਚ, ਲਿਆ
ਬਿਠਾਲਦੇ ਹਨ

ਜਿੱਥੇ, ਬੱਸਾਂ ਦੇ ਡਰਾਈਵਰ, ਕੰਡਕਟਰ
ਚਲਦੀਆਂ ਬੱਸਾਂ ਵਿੱਚ, ਸਮੂਹਕ
ਬਲਾਤਕਾਰ ਕਰ, ਬੇਹੱਥੀਆਂ, ਮਾਸੂਮ
ਔਰਤਾਂ ਨੂੰ, ਮਰਨ ਲਈ, ਸੜਕਾਂ ਉੱਤੇ
ਸੁੱਟ ਜਾਂਦੇ ਹਨ

ਜਿੱਥੇ, ਲੋਕਾਂ ਵੱਲੋਂ ਚੁਣੇ ਗਏ
ਪੰਚ-ਸਰਪੰਚ, ਦਲਿਤ ਔਰਤਾਂ ਨੂੰ
ਅਲਫ਼ ਨੰਗਿਆਂ ਕਰ, ਪਿੰਡ ਦੀਆਂ
ਸੜਕਾਂ ਉੱਤੇ, ਗਸ਼ਤ ਲਗਾਉਣ ਦੇ
ਹੁਕਮ ਜਾਰੀ ਕਰਦੇ ਹਨ

ਜਿੱਥੇ, ਸਰਕਾਰ ਦੇ ਮੰਤਰੀ
ਬੱਸਾਂ-ਗੱਡੀਆਂ ਵਿੱਚ, ਨਿੱਤ, ਹੁੰਦੀਆਂ
ਔਰਤਾਂ ਦੇ ਬਲਾਤਕਾਰ ਦੀਆਂ
ਘਟਨਾਵਾਂ ਨੂੰ, 'ਰੱਬ ਦਾ ਭਾਣਾ' ਕਹਿ
ਜਨਤਾ ਨੂੰ, ਭਾਣਾ ਮੰਨਣ ਲਈ
ਪ੍ਰੇਰਦੇ ਹਨ

ਜਿੱਥੇ, 'ਕੰਜਰ' ਜਾਤੀ ਦੇ ਲੋਕ
ਪ੍ਰਵਾਰਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ
ਆਪਣੀ ਹੀ ਜਵਾਨ ਹੋ ਰਹੀ ਧੀ ਦਾ
ਬਲਾਤਕਾਰ ਕਰਨ ਲਈ, ਮੰਡੀ 'ਚੋਂ
ਗਾਹਕ ਢੂੰਡਣ ਲਈ, ਪੂਰੇ
ਉਤਸਾਹ ਨਾਲ, ਘਰੋਂ
ਨਿਕਲਦੇ ਹਨ

ਜਿੱਥੇ, ਚਰਚਿਤ ਗਾਇਕ
ਡਰੱਗ ਤਸਕਰੀ ਦਾ ਧੰਦਾ ਕਰਦੇ ਹੋਏ
ਫੜੇ ਜਾਣ ਉੱਤੇ, ਅੰਮ੍ਰਿਤ ਛਕ ਕੇ
ਪੂਰਨ ਗੁਰਸਿੱਖ ਹੋਣ ਦਾ, ਪਾਖੰਡ ਕਰ
ਜਨਤਾ ਦੀਆਂ ਅੱਖਾਂ ਵਿੱਚ
ਘੱਟਾ ਪਾਂਦੇ ਹਨ

ਜਿੱਥੇ, ਪੁਲਿਸ ਦੇ ਥਾਣਿਆਂ ਵਿੱਚ
ਪੁਲਿਸ ਦੇ ਨੱਕ ਹੇਠ, ਦਿਨ-ਰਾਤ
ਕਰੈਕ, ਕੁਕੇਨ, ਅਫੀਮ, ਚਰਸ
ਅੰਬਾਂ, ਖਰਬੂਜਿਆਂ, ਅਮਰੂਦਾਂ ਵਾਂਗ
ਖ੍ਰੀਦੇ, ਵੇਚੇ ਜਾਂਦੇ ਹਨ

ਜਿੱਥੇ, ਸਰਕਾਰੀ ਸਭਿਆਚਾਰਕ ਵਿਭਾਗ
ਅੰਤਰ-ਰਾਸ਼ਟਰੀ ਕਬੱਡੀ ਟੂਰਨਾਮੈਂਟਾਂ ਦੇ ਨਾਂ ਉੱਤੇ
ਵਿਰਸੇ ਦੀਆਂ, ਉੱਚੀਆਂ-ਸੁੱਚੀਆਂ, ਕਦਰਾਂ-ਕੀਮਤਾਂ ਦਾ
ਪਾਸਾਰ ਕਰਨ ਦੀ ਥਾਂ, ਬਾਲੀਵੁੱਡ ਦੀਆਂ
ਅੱਧ-ਨੰਗੀਆਂ, ਨਾਚੀਆਂ ਰਾਹੀਂ
ਸ਼ਰਾਬ ਅਤੇ ਸ਼ਬਾਬ ਦੇ ਬਾਜ਼ਾਰ ਦਾ
ਪਾਸਾਰ ਕਰਦੇ ਹਨ

ਜਿੱਥੇ, ਪੁਲਿਸ ਦੇ ਸਿਪਾਹੀ
ਚੋਰਾਂ, ਡਾਕੂਆਂ, ਕਾਤਲਾਂ, ਤਸਕਰਾਂ ਨੂੰ
ਫੜਨ ਦੀ ਥਾਂ, ਆਪ
ਚੋਰੀਆਂ ਕਰਦੇ ਹਨ
ਡਾਕੇ ਮਾਰਦੇ ਹਨ
ਕਤਲ ਕਰਦੇ ਹਨ
ਤਸਕਰੀ ਕਰਦੇ ਹਨ

ਬਾਂਦਰਾਂ ਦੇ ਦੇਸ ਦੀਆਂ ਕਥਾਵਾਂ
ਪੰਚਤੰਤਰ ਦੀਆਂ ਕਥਾਵਾਂ ਵਾਂਗ
ਬੰਦੇ ਨੂੰ ਚਕਾਚੌਂਧ ਕਰ ਦਿੰਦੀਆਂ ਹਨ-

ਉਸ ਦੀ ਰੀੜ ਦੀ ਹੱਡੀ ਵਿੱਚ
ਝੁਨਝੁਨੀ ਛੇੜ ਦਿੰਦੀਆਂ ਹਨ
■

(ਮਾਲਟਨ, ਮਈ 25, 2015)

# ਸਾਜ਼ਿਸ਼ੀ ਮੌਸਮ

ਸਾਜ਼ਿਸ਼ੀ ਮੌਸਮ ਹੈ
ਜ਼ਰਾ, ਸੰਭਲ ਕੇ ਚੱਲ–

ਗ਼ਜ਼ਨੀ ਦੇ ਬਾਜ਼ਾਰਾਂ ਦੀ ਗੱਲ
ਕੁਝ ਪੁਰਾਣੀ ਹੋ ਗਈ
ਲੰਡਨ ਦੇ ਬਾਜ਼ਾਰਾਂ 'ਚ, ਹੁਣ
ਵਿਕਦੀਆਂ ਹਨ ਹਿੰਦੁਸਤਾਨੀ ਔਰਤਾਂ
ਜ਼ਰਾ, ਸੰਭਲ ਕੇ ਚੱਲ–

ਮੰਦਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਦੇ ਚੌਧਰੀ
ਨਸ਼ਿਆਂ ਦੀ ਮੰਡੀ ਦੇ ਬਣ ਚੁੱਕੇ ਦਲਾਲ
ਧਰਮ ਬਣ ਚੁੱਕਾ, ਮੁਨਾਫ਼ਾ ਦੇਣ ਵਾਲਾ, ਹੁਣ
ਸਭ ਤੋਂ ਵੱਡਾ, ਵਿਉਪਾਰ
ਜ਼ਰਾ, ਸੰਭਲ ਕੇ ਚੱਲ–

ਅਖਬਾਰਾਂ, ਮੈਗਜ਼ੀਨਾਂ, ਰੇਡੀਓ, ਟੀ.ਵੀ.
ਚਾਪਲੂਸੀ ਕਰਨ, ਕਰਵਾਉਣ, ਦੇ ਅੱਡੇ ਬਣ ਗਏ
ਅਰਥਾਂ ਤੋਂ ਸੱਖਣੇ ਕਵਿਤਾ, ਕਹਾਣੀ, ਨਾਵਲ, ਨਾਟਕ, ਆਲੋਚਨਾ, ਹੁਣ
ਇਨਾਮਾਂ–ਸਨਮਾਨਾਂ ਦੀ ਦੌੜ ਤੱਕ ਸੀਮਤ ਹੋ ਗਏ
ਜ਼ਰਾ, ਸੰਭਲ ਕੇ ਚੱਲ–

ਉਦੇਸ਼ਾਂ ਤੋਂ ਸੱਖਣੀਆਂ ਵਿਸ਼ਵ–ਕਾਨਫਰੰਸਾਂ, ਸੈਮੀਨਾਰ, ਵਰਕਸ਼ਾਪਾਂ
ਮਹਿਜ਼, ਰਾਜਨੀਤੀਵਾਨਾਂ ਦੀ ਜੀ ਹਜ਼ੂਰੀ ਕਰਨ ਦੇ ਚੋਹਲ ਬਣ ਚੁੱਕੇ
ਕਿਸ ਨੂੰ ਫਿਕਰ ਹੈ ਵਿਰਸੇ, ਸਭਿਆਚਾਰ, ਮਾਂ–ਬੋਲੀ ਦੀ, ਹੁਣ
ਮਾਸੂਮ, ਬੇਗੁਨਾਹ, ਲੋਕਾਂ ਦੇ ਖ਼ੂਨ ਨਾਲ ਲਿਬੜੇ ਮੱਥਿਆਂ ਨੂੰ
ਤਿਲਕ ਲਾਣ ਤੱਕ ਗੱਲ ਰਹਿ ਗਈ
ਜ਼ਰਾ, ਸੰਭਲ ਕੇ ਚੱਲ–

ਹਰ ਪਾਸੇ, ਸਾਜ਼ਿਸ਼ੀ
ਹਵਾ ਵਗਦੀ

ਕੌਣ ਦੋਸਤ, ਕੌਣ ਦੁਸ਼ਮਣ
ਕੌਣ ਅਪਣਾ, ਕੌਣ ਬੇਗਾਨਾ
ਆਪਣੇ, ਆਪਣੇ, ਮਤਲਬ ਦਾ

ਹਰ ਕਿਸੇ ਨੂੰ ਫਿਕਰ

ਚਿਹਰੇ 'ਤੇ ਪਾ ਕੇ ਮੁਖੌਟਾ
ਹਰ ਕੋਈ ਫਿਰਦਾ

ਸਾਜ਼ਿਸ਼ੀ ਮੌਸਮਾਂ 'ਚ
ਖ਼ੂਨ ਦੇ ਰਿਸ਼ਤਿਆਂ ਦਾ ਵੀ
ਕੋਈ ਅਰਥ ਨ ਬਾਕੀ ਰਿਹਾ

ਕੀ ਪਤਾ, ਕਦ
ਮੀਂਹ, ਹਨ੍ਹੇਰੀ, ਬਰਫ਼ਬਾਰੀ
ਹੋਣ ਲੱਗੇ-

ਸਾਜ਼ਿਸ਼ੀ ਮੌਸਮ ਹੈ-
ਜ਼ਰਾ, ਸੰਭਲ ਕੇ ਚੱਲ
■

(ਮਾਲਟਨ, ਜੁਲਾਈ 20, 2015)

# ਬਾਂਦਰ ਹਮਲਾ

ਉਹ, ਕਦੀ ਵੀ, ਕਿਤੋਂ ਵੀ
ਆ ਸਕਦੇ ਹਨ –

ਮੰਦਿਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ
ਕੋਲੋਂ, ਲੰਘਦਿਆਂ, ਚੌਕਸ ਰਹੋ
ਉਹ, ਕਿਤੇ ਵੀ ਲੁਕੇ ਹੋ ਸਕਦੇ ਹਨ

ਉਨ੍ਹਾਂ ਦਾ ਕੋਈ ਪੱਕਾ ਟਿਕਾਣਾ ਨਹੀਂ ਹੁੰਦਾ
ਧੋਖਾ ਦੇਣ ਲਈ, ਬਾਂਦਰ
ਮਨੁੱਖਾਂ ਦੇ ਮੁਖੌਟੇ ਪਾ ਕੇ
ਤੁਹਾਡੇ ਗਵਾਂਢ ਵਿੱਚ
ਵਰ੍ਹਿਆਂ ਤੱਕ ਰਹਿ ਸਕਦੇ ਹਨ
ਪਰ, ਤੁਸੀਂ ਉਨ੍ਹਾਂ ਨੂੰ ਕਦੀ
ਪਹਿਚਾਣ ਵੀ ਨਹੀਂ ਸਕੋਗੇ

ਬਾਂਦਰ, ਘਰਾਂ, ਬਾਜ਼ਾਰਾਂ, ਚੌਰਸਤਿਆਂ ਵਿੱਚ
ਅਚਾਨਕ, ਤੁਹਾਡੇ ਉੱਤੇ ਝਪਟ ਸਕਦੇ ਹਨ
ਕਦੀ, ਅੱਲਾ–ਹੂ–ਅਕਬਰ ਦੇ ਨਾਮ ਉੱਤੇ
ਕਦੀ, ਵਾਹਿਗੁਰੂ ਦੇ ਭਗਤ ਬਣਕੇ
ਕਦੀ, ਰਾਮ, ਰਾਮ ਕਰਦਿਆਂ ਹੋਇਆਂ
ਕਦੀ, ਜੀਸਸ, ਜੀਸਸ ਦਾ ਜਾਪ ਕਰਦਿਆਂ

ਕੋਈ ਵੀ ਦੇਸ
ਇੱਥੋਂ ਤੱਕ ਕਿ
ਸੁਪਰਪਾਵਰ ਅਮਰੀਕਾ ਵੀ
ਹੁਣ, ਬਾਂਦਰਾਂ ਦੇ ਹਮਲਿਆਂ ਤੋਂ
ਸੁਰੱਖਿਅਤ ਨਹੀਂ

ਹੁਣ ਤਾਂ, ਯੂਨੀਵਰਸਿਟੀਆਂ, ਕਾਲਿਜ, ਸਕੂਲ
ਕਾਫੀ ਹਾਊਸ, ਰੈਸਟੋਰੈਂਟ, ਖੇਡ ਮੈਦਾਨ
ਬੱਸ ਟਰਮੀਨਲ, ਰੇਲਵੇ ਸਟੇਸ਼ਨ, ਹਵਾਈ ਅੱਡੇ
ਕੁਝ ਵੀ ਸੁਰੱਖਿਅਤ ਨਹੀਂ ਰਿਹਾ –

ਪਤਾ ਹੀ ਨਹੀਂ ਲੱਗਦਾ

ਅਚਾਨਕ, ਬਾਂਦਰ
ਹੱਥਾਂ ਵਿੱਚ, ਏ.ਕੇ.-47 ਫੜੀ
ਆ ਧਮਕਦੇ ਹਨ -

ਦੇਖਦਿਆਂ ਹੀ ਦੇਖਦਿਆਂ
ਉਹ, ਰੱਬ ਦਾ ਨਾਮ ਧਿਆਂਦੇ ਹਨ
ਅਤੇ ਮਾਸੂਮ, ਬੇਗੁਨਾਹ
ਬੱਚਿਆਂ, ਜਵਾਨਾਂ, ਬੁੱਢਿਆਂ ਦੀਆਂ
ਲਾਸ਼ਾਂ ਦੇ ਅੰਬਾਰ ਲਗਾ ਦਿੰਦੇ ਹਨ
ਬਾਂਦਰ, ਮਨੁੱਖਾਂ ਦੇ ਭੇਸ ਵਿੱਚ
ਟੈਕਸੀ ਡਰਾਈਵਰ ਬਣ ਸਕਦੇ ਹਨ
ਟਰੱਕ ਡਰਾਈਵਰ ਬਣ ਸਕਦੇ ਹਨ
ਬੱਸ ਡਰਾਈਵਰ ਬਣ ਸਕਦੇ ਹਨ

ਬਾਂਦਰ ਤਾਂ, ਪੁਲਿਸ ਦੀਆਂ ਕਾਰਾਂ ਵਿੱਚ ਵੀ
ਬੈਠੇ ਦਿਖਾਈ ਦੇ ਸਕਦੇ ਹਨ
ਤਾਂ ਹੀ ਤਾਂ, ਕਿਹਾ ਜਾਂਦਾ ਹੈ
ਕਿ ਬਾਂਦਰ ਭਾਵੇਂ ਸੌ ਮਣ ਸਾਬਣ ਵਰਤੇ
ਬਾਂਦਰ ਦੀ ਪਿੱਠ ਤੋਂ ਲਾਲੀ ਨਹੀਂ ਜਾ ਸਕਦੀ

ਬਾਂਦਰ, ਭਾਵੇਂ ਰੇਡੀਓ ਹੋਸਟ
ਚਾਹੇ, ਟੀਵੀ ਜਾਂ ਅਖਬਾਰ ਦਾ
ਪੱਤਰਕਾਰ ਹੀ ਕਿਉਂ ਨ ਬਣ ਜਾਵੇ
ਬਾਂਦਰ, ਭਾਵੇਂ ਅਧਿਆਪਕ
ਚਾਹੇ, ਡਾਕਟਰ, ਨਰਸ, ਫੌਜੀ ਹੀ ਬਣ ਜਾਵੇ
ਉਹ, ਆਪਣੀਆਂ ਬਾਂਦਰਾਂ ਵਾਲੀਆਂ
ਆਦਤਾਂ ਨਹੀਂ ਛੱਡ ਸਕਦਾ
ਕਿਉਂਕਿ, ਉਸ ਨੇ, ਰਹਿਣਾ ਤਾਂ
ਬਾਂਦਰ ਹੀ ਹੈ

ਬਾਂਦਰ, ਭਾਵੇਂ ਗੁਰਦੁਆਰੇ ਜਾ ਕੇ
ਅੰਮ੍ਰਿਤ ਛਕ ਲਵੇ
ਬਾਂਦਰ, ਭਾਵੇਂ ਮੰਦਿਰ ਜਾ ਕੇ
ਮੱਥੇ ਉੱਤੇ ਤਿਲਕ ਲਗਾ ਲਵੇ
ਬਾਂਦਰ, ਭਾਵੇਂ ਮਸਜਿਦ ਜਾ ਕੇ
ਕਲਮਾਂ ਪੜ੍ਹ ਲਵੇ
ਬਾਂਦਰ, ਭਾਵੇਂ ਗਿਰਜੇ ਜਾ ਕੇ

ਬਾਈਬਲ ਪੜ੍ਹ ਲਵੇ

ਬਾਂਦਰ, ਭਾਵੇਂ ਕਿਸੀ ਵੀ
ਰਾਜਨੀਤਕ ਪਾਰਟੀ ਦਾ ਝੰਡਾ ਫੜ ਲਵੇ
ਬਾਂਦਰ, ਤਾਂ ਫਿਰ ਵੀ
ਬਾਂਦਰ ਹੀ ਰਹੇਗਾ

ਸਾਡੇ ਸਮਿਆਂ ਵਿੱਚ
ਬਾਂਦਰ ਅਤੇ ਮਨੁੱਖ ਦਰਮਿਆਨ
ਫਰਕ ਸਮਝਨਾ
ਬਹੁਤ ਜ਼ਰੂਰੀ ਹੋ ਗਿਆ ਹੈ
■

(ਮਾਲਟਨ, ਜੁਲਾਈ 17, 2016)

# ਹਤਿਆਰੇ

ਹਤਿਆਰਿਆਂ ਦੀ ਕੋਈ ਪਹਿਚਾਣ ਨਹੀਂ ਹੁੰਦੀ
ਹਤਿਆਰਿਆਂ ਦਾ ਕੋਈ ਧਰਮ ਨਹੀਂ ਹੁੰਦਾ
ਹਤਿਆਰਿਆਂ ਦਾ ਕੋਈ ਰੰਗ ਨਹੀਂ ਹੁੰਦਾ
ਹਤਿਆਰਿਆਂ ਦੀ ਕੋਈ ਨਸਲ ਨਹੀਂ ਹੁੰਦੀ
ਹਤਿਆਰਿਆਂ ਦੀ ਕੋਈ ਕੌਮ ਨਹੀਂ ਹੁੰਦੀ
ਹਤਿਆਰਿਆਂ ਦਾ ਕੋਈ ਦੇਸ਼ ਨਹੀਂ ਹੁੰਦਾ

ਉਹ ਤਾਂ, ਕਦੀ ਵੀ, ਕਿਤੇ ਵੀ
ਜ਼ਹਿਰੀਲੇ ਸੱਪਾਂ ਵਾਂਗ, ਅਚਾਨਕ
ਪ੍ਰਗਟ ਹੋ ਸਕਦੇ ਹਨ –

ਮੰਦਿਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਵਿੱਚ
ਉਹ, ਬਿਨ੍ਹਾਂ ਕਿਸੀ ਹਿਚਕਚਾਹਟ ਦੇ
ਆਪਣੀਆਂ, ਏ.ਕੇ.-47 ਮਸ਼ੀਨ ਗੰਨਾਂ ਨਾਲ
ਅੰਧਾ-ਧੁੰਦ, ਗੋਲੀਆਂ ਦੀ ਬਰਖਾ ਕਰਕੇ
ਮਾਸੂਮ, ਬੇਗੁਨਾਹ, ਬੱਚਿਆਂ, ਬੁੱਢਿਆਂ, ਜੁਆਨਾਂ
ਮਰਦਾਂ, ਔਰਤਾਂ, ਦੀਆਂ ਲਾਸ਼ਾਂ ਦੇ ਅੰਬਾਰ
ਲਗਾ ਸਕਦੇ ਹਨ

ਧਰਤੀ ਦਾ ਕੋਈ ਵੀ ਹਿੱਸਾ
ਹਤਿਆਰਿਆਂ ਤੋਂ ਬਚ ਨਹੀਂ ਸਕਿਆ –

ਕੈਨੇਡਾ, ਅਮਰੀਕਾ, ਇੰਗਲੈਂਡ, ਇੰਡੀਆ, ਪਾਕਿਸਤਾਨ
ਸੀਰੀਆ, ਇਰਾਕ, ਯੁਗੰਡਾ, ਕੰਬੋਡੀਆ ਜਾਂ ਜਰਮਨੀ ਦਾ ਨਾਮ
ਲੈਂਦਿਆਂ ਹੀ, ਧਰਤੀ ਦੇ ਚੱਪੇ ਚੱਪੇ ਉੱਤੇ ਡੁੱਲ੍ਹੇ
ਲੱਖਾਂ ਹੀ, ਬੇਗੁਨਾਹਾਂ ਦੇ ਖ਼ੂਨ ਦੀ
ਦਰਦ ਭਰੀ ਦਾਸਤਾਨ, ਸਾਡੀ
ਚੇਤਨਾ ਦੇ ਕੰਨਾਂ ਵਿੱਚ
ਹਜ਼ਾਰਾਂ ਹੀ ਸੰਖਾਂ ਦੇ ਗੂੰਜਣ ਵਾਂਗ
ਗੂੰਜਣ ਲੱਗਦੀ ਹੈ
ਗੈਸ ਚੈਂਬਰਾਂ ਵਿੱਚ ਸੁੱਟ ਸਾੜੇ ਗਏ
ਲੱਖਾਂ ਹੀ, ਬੇਗੁਨਾਹਾਂ ਦੀਆਂ
ਹੱਡੀਆਂ ਦੀ ਸੁਆਹ, ਉੱਡ, ਉੱਡ
ਸਾਡੇ ਸਿਰਾਂ ਵਿੱਚ

ਪੈਣ ਲੱਗਦੀ ਹੈ

ਹਤਿਆਰੇ ਤਾਂ-
ਵਰ੍ਹਿਆਂ ਤੀਕ, ਤੁਹਾਡੇ ਆਪਣੇ ਹੀ
ਘਰਾਂ, ਤਹਿਖ਼ਾਨਿਆਂ, ਚੁਬਾਰਿਆਂ ਵਿੱਚ ਰਹਿ
ਤੁਹਾਡੇ ਮਿੱਤਰ, ਸਹਿਯੋਗੀ, ਰਿਸ਼ਤੇਦਾਰ ਹੋਣ ਦਾ
ਭਰਮ ਪਾਲ ਸਕਦੇ ਹਨ

ਹਤਿਆਰੇ ਤਾਂ-
ਕਦੀ ਵੀ, ਕਿਤੇ ਵੀ
ਫਨੀਅਰ ਸੱਪਾਂ ਵਾਂਗ
ਆਪਣੇ ਫਨ ਫੈਲਾ
ਤੁਹਾਡਾ ਰਾਹ
ਰੋਕ ਸਕਦੇ ਹਨ

ਹਤਿਆਰੇ ਤਾਂ -
ਕਿਤੇ ਵੀ, ਕਦੀ ਵੀ
ਧਰਮ, ਕੌਮ, ਦੇਸ਼, ਨਸਲ, ਫਿਰਕੇ ਦਾ
ਬਹਾਨਾ ਬਣਾ
ਅੱਲਾ-ਹੂ-ਅਕਬਰ
ਜੀਸਸ, ਜੀਸਸ
ਵਾਹਿਗੁਰੂ, ਵਾਹਿਗੁਰੂ
ਹਰੇ ਕ੍ਰਿਸ਼ਨਾ, ਹਰੇ ਰਾਮਾ
ਕਰਦਿਆਂ ਹੋਇਆਂ
ਤੁਹਾਡੀ ਹਿੱਕ ਉੱਤੇ
ਏ.ਕੇ.-47 ਮਸ਼ੀਨ ਗੰਨ ਦੀਆਂ
ਗੋਲੀਆਂ ਦੀ, ਮੂਸਲਾਧਾਰ
ਬਰਸਾਤ ਕਰ ਸਕਦੇ ਹਨ
■

(ਮਾਲਟਨ, ਜਨਵਰੀ 31, 2017)

# ਮਾਂ ਬੋਲੀ ਪੰਜਾਬੀ

ਕਿੰਨੀ ਤਰੱਕੀ ਕਰ ਗਈ ਹੈ
ਮਾਂ ਬੋਲੀ ਪੰਜਾਬੀ -

ਕੋਈ ਸੋਚ ਵੀ ਨਹੀਂ ਸਕਦਾ
ਡਰੱਗ-ਮਾਫ਼ੀਆ, ਜ਼ਮੀਨ-ਮਾਫ਼ੀਆ, ਰੇਤ-ਮਾਫ਼ੀਆ
ਜਿਹੇ ਸ਼ਬਦ, ਕਦੀ ਸਾਡੀ
ਰੋਜ਼ਾਨਾ ਜ਼ਿੰਦਗੀ ਦਾ, ਅਹਿਮ
ਹਿੱਸਾ ਨਹੀਂ ਸਨ

ਹੁਣ ਤਾਂ, ਇੰਝ ਲੱਗਦਾ ਹੈ
ਜਿਵੇਂ ਕਿਤੇ, ਗੋਲਕ-ਚੋਰ, ਬਲਾਤਕਾਰੀ-ਸੰਤ
ਜਾਂ ਨਸ਼ੇੜੀ-ਰਾਜਨੀਤੀਵਾਨ, ਜਿਹੇ ਸ਼ਬਦ
ਹਮੇਸ਼ਾ ਹੀ, ਸਾਡੇ ਅੰਗ-ਸੰਗ
ਰਹੇ ਹੋਣ-

ਕੋਈ ਸਮਾਂ ਹੁੰਦਾ ਸੀ
ਸੱਸੀ-ਪੁਨੂੰ, ਹੀਰ-ਰਾਂਝਾ, ਕੀਮਾ-ਮਲਕੀ ਦਾ
ਕਿੱਸਾ, ਲੋਕ ਬਹੁਤ ਪਿਆਰ ਨਾਲ ਸੁਣਦੇ ਸਨ-

ਪਰ ਹੁਣ, ਚਾਹੇ ਕਿਤੇ ਵੀ ਚਲੇ ਜਾਓ
ਧਰਮ-ਸਥਾਨਾਂ ਵਿੱਚ ਨਿੱਤ ਹੁੰਦੇ ਜੂਤ-ਪਤਾਨ ਦੇ ਕਿੱਸੇ
ਰਾਜਨੀਤੀਵਾਨਾਂ ਵੱਲੋਂ ਕੀਤੀ ਜਾਂਦੀ ਡਰੱਗ-ਸਮਗਲਿੰਗ ਦੇ ਕਿੱਸੇ
ਸੰਤ-ਮਹਾਤਮਾਵਾਂ ਵੱਲੋਂ ਚਲਾਏ ਜਾਂਦੇ ਵੇਸਵਾਗਿਰੀ ਘਰਾਂ ਦੇ ਕਿੱਸੇ
ਗੈਂਗਸਟਰ-ਗਰੋਹਾਂ ਵੱਲੋਂ ਜੇਲ੍ਹਾਂ ਅੰਦਰ ਚਲਾਏ ਜਾਂਦੇ ਨੈੱਟਵਰਕਾਂ ਦੇ ਕਿੱਸੇ
ਲੋਕ-ਚਰਚਾ ਦਾ ਵਿਸ਼ਾ ਬਣੇ ਹੁੰਦੇ ਹਨ

ਰਾਜਨੀਤੀ, ਸਮਾਜ, ਸਭਿਆਚਾਰ ਅਤੇ ਜੁਰਮ ਦਾ
ਆਪਸ ਵਿੱਚ, ਕਿੰਨਾ ਗੂੜਾ ਰਿਸ਼ਤਾ ਹੁੰਦਾ ਹੈ-
ਇਹ ਸਮਝਣ ਲਈ, ਮੈਨੂੰ
ਸਾਡੇ ਸਮਿਆਂ ਦੀ, ਰਾਜਨੀਤੀ ਦੀਆਂ ਗੁੰਝਲਾਂ ਦੇ
ਬਾਰੀਕ ਤਾਣੇ-ਬਾਣੇ ਅਤੇ ਦਾਅ-ਪੇਚਾਂ ਨਾਲ
ਘੰਟਿਆਂ-ਬੱਧੀ, ਮੱਥਾ ਮਾਰਨਾ ਪਿਆ ਹੈ

ਕਿੱਥੇ ਹੁੰਦੇ ਸਨ

ਸਾਡੀ ਮਾਂ ਬੋਲੀ ਵਿੱਚ
ਗੈਂਗ-ਰੇਪ, ਤੇਜਾਬੀ-ਹਮਲੇ, ਕਿਸਾਨ-ਖੁਦਕੁਸ਼ੀ
ਜਿਹੇ, ਸ਼ਬਦਾਂ ਦੇ ਭੰਡਾਰ-

ਕਿੰਨਾ ਕੁਝ, ਅਜਿਹਾ
ਭਿਆਨਕ, ਸਾਡੇ ਆਸ-ਪਾਸ
ਚੁੱਪ-ਚਾਪ, ਵਾਪਰ ਜਾਂਦਾ

ਪਰ ਸਾਡੀ ਮਾਂ ਬੋਲੀ, ਉਸ ਨੂੰ
ਬਿਆਨ ਕਰ ਸਕਣ ਵਾਲੇ
ਸ਼ਬਦਾਂ ਤੋਂ ਅਨਜਾਣ
ਜ਼ਿੰਦਗੀ ਦੇ ਅਜਿਹੇ
ਕਰੂਰ ਪਹਿਲੂਆਂ ਨਾਲ
ਖਹਿ ਕੇ ਲੰਘਣ ਤੋਂ
ਬਿਨ੍ਹਾਂ ਹੀ
ਰਹਿ ਜਾਂਦੀ-

ਉਹ ਤਾਂ ਬਸ
ਸਤਿਗੁਰ ਦੀ ਮਹਿਮਾ
ਕਰਨ-ਕਰਾਉਣ ਦੀ
ਸਿੱਖਿਆ ਦੇ ਕਿੱਸੇ
ਸੁਨਾਉਣ ਵਿੱਚ ਹੀ
ਲੀਨ ਰਹਿੰਦੀ

ਇਹ ਜਾਣ
ਮਨ ਨੂੰ ਧੀਰਜ ਜਿਹਾ
ਮਿਲਦਾ ਹੈ-

ਸਾਡੀ ਮਾਂ ਬੋਲੀ, ਹੁਣ
ਪਰਾ-ਆਧੁਨਿਕ ਸਮਿਆਂ ਦੇ
ਬਹੁ-ਰੰਗੀ, ਵਰਤਾਰਿਆਂ ਦੀ
ਰੂਹ ਵਿੱਚ ਉਤਰਨ ਦੇ
ਸਮਰੱਥ ਹੋ ਗਈ ਹੈ
■

(ਮਾਲਟਨ, ਫਰਵਰੀ 17, 2017)

# ਅਨਪੜ੍ਹ, ਸਿੱਧੇ, ਸਾਦੇ ਬੰਦੇ

ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ
ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ, ਬੰਦੇ ਹਾਂ
ਸਾਨੂੰ ਕੀ ਪਤਾ ਸੀ ਕਿ
ਗਾਂਧੀ ਦੀ ਬੱਕਰੀ ਦੀ
ਮਿਆਂ ਮਿਆਂ ਨਾਲ ਹੀ
ਦੇਸ ਨੂੰ ਆਜ਼ਾਦੀ ਮਿਲੀ ਹੈ-
ਅਸੀਂ, ਤਾਂ, ਆਜ਼ਾਦ, ਭਗਤ, ਸਰਾਭੇ, ਜਿਹੇ
ਕਰਾਂਤੀਕਾਰੀਆਂ ਦੀਆਂ ਕੁਰਬਾਨੀਆਂ ਨੂੰ ਹੀ
ਮਹਾਨ ਮੰਨਦੇ ਰਹੇ

ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ
ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ ਬੰਦੇ ਹਾਂ
ਸਾਨੂੰ ਕੀ ਪਤਾ ਸੀ ਕਿ
ਰਾਮ ਮੰਦਿਰ ਅਤੇ ਬਾਬਰੀ ਮਸਜਿਦ ਦੇ
ਝਗੜੇ ਨੂੰ ਹੀ ਕਾਇਮ ਰੱਖਕੇ
ਦੇਸ ਦੀਆਂ ਚੋਣਾਂ
ਜਿੱਤੀਆਂ ਜਾ ਸਕਦੀਆਂ ਹਨ-
ਅਸੀਂ, ਤਾਂ, ਉਮਰ ਭਰ, ਦੇਸ ਦੀ ਏਕਤਾ
ਅਤੇ ਅਖੰਡਤਾ ਦੇ ਨਾਹਰਿਆਂ
ਵਿੱਚ ਹੀ ਵਿਸ਼ਵਾਸ ਕਰਦੇ ਰਹੇ

ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ
ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ ਬੰਦੇ ਹਾਂ
ਸਾਨੂੰ ਕੀ ਪਤਾ ਸੀ ਕਿ
ਭਾਰਤ, ਤਾਂ, ਸਿਰਫ
ਆਰ ਐਸ ਐਸ ਦੇ
ਭਗਤਾਂ ਦਾ ਹੀ ਦੇਸ ਹੈ-
ਅਸੀਂ, ਤਾਂ, ਇਸ ਨੂੰ
ਸਿੱਖਾਂ, ਹਿੰਦੂਆਂ, ਮੁਸਲਮਾਨਾਂ, ਈਸਾਈਆਂ, ਜੈਨੀਆਂ, ਬੋਧੀਆਂ ਦਾ
ਸਰਬ ਸਾਂਝਾ ਦੇਸ ਹੀ ਮੰਨਦੇ ਸੀ

ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ

ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ ਬੰਦੇ ਹਾਂ
ਸਾਨੂੰ ਕੀ ਪਤਾ ਸੀ ਕਿ
ਭਾਰਤ ਦੀਆਂ ਸੜਕਾਂ ਉੱਤੇ
ਇੱਕ ਆਦਮੀ ਇੱਕ ਔਰਤ ਦਾ
ਹੱਥ ਫੜਕੇ ਵੀ ਨਹੀਂ ਤੁਰ ਸਕਦਾ-
ਅਸੀਂ, ਤਾਂ, ਇਸ ਨੂੰ
ਕ੍ਰਿਸ਼ਨਾ ਦਾ ਦੇਸ ਮੰਨਦੇ ਸੀ
ਜਿੱਥੇ ਕ੍ਰਿਸ਼ਨ ਹਜ਼ਾਰਾਂ ਗੋਪੀਆਂ ਦੇ
ਹੱਥ ਫੜਕੇ, ਆਜ਼ਾਦ ਅਤੇ ਬੇਪ੍ਰਵਾਹ
ਬਾਗ਼ਾਂ 'ਚ, ਰਾਸ ਰਚਾ ਸਕਦਾ ਸੀ

ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ
ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ ਬੰਦੇ ਹਾਂ
ਸਾਨੂੰ ਕੀ ਪਤਾ ਸੀ ਕਿ
ਗਾਂ ਦਾ ਮਾਸ ਖਾਣ ਵਾਲੇ ਨੂੰ
ਕਤਲ ਕਰ ਦਿੱਤਾ ਜਾਂਦਾ ਹੈ-
ਅਸੀਂ, ਤਾਂ, ਇਹੀ ਸਮਝਦੇ ਰਹੇ ਸਾਂ ਕਿ
ਗਾਂ ਦੀ ਬਲੀ ਦੇਣ ਤੋਂ ਬਿਨ੍ਹਾਂ, ਤਾਂ
ਭਾਰਤ ਵਿੱਚ, ਮਹਾਂ-ਰਿਸ਼ੀਆਂ ਦਾ
ਯੱਗ ਹੀ ਸੰਪੂਰਨ ਨਹੀਂ ਹੁੰਦਾ

ਅਸੀਂ, ਕੋਈ, ਭਾਸ਼ਾ ਵਿਗਿਆਨੀ ਨਹੀਂ
ਅਸੀਂ, ਤਾਂ, ਅਨਪੜ੍ਹ, ਸਿੱਧੇ, ਸਾਦੇ ਬੰਦੇ ਹਾਂ
ਸਾਨੂੰ ਕੀ ਪਤਾ ਸੀ ਕਿ
ਨੱਥੂ ਰਾਮ ਗੋਡਸੇ ਹੀ, ਰਾਸ਼ਟਰ ਪਿਤਾ
ਮਹਾਤਮਾ ਗਾਂਧੀ ਦਾ ਕਾਤਲ ਸੀ-
ਅਸੀਂ, ਤਾਂ, ਦੇਸ ਦੇ ਨੇਤਾਵਾਂ ਨੂੰ
ਨੱਥੂ ਰਾਮ ਗੋਡਸੇ ਅਤੇ
ਮਹਾਤਮਾ ਗਾਂਧੀ ਦੇ ਗਲਿਆਂ 'ਚ
ਫੁੱਲਾਂ ਦੇ ਹਾਰ ਪਾਂਦੇ ਹੋਏ
ਦੇਖਦੇ ਰਹੇ ਸਾਂ
■

(ਬਰੈਮਪਟਨ, ਅਪ੍ਰੈਲ 5, 2017)

# ਕਵਿਤਾ, ਤੂੰ ਚੁੱਪ ਨ ਰਹਿ

ਕਵਿਤਾ, ਤੂੰ ਚੁੱਪ ਨ ਰਹਿ–
ਤੂੰ, ਮੁਸੀਬਤਾਂ ਦੇ ਮਾਰੇ
ਉਨ੍ਹਾਂ, ਗਰੀਬ ਕਿਸਾਨਾਂ ਦੇ ਦੁੱਖਾਂ ਦਾ
ਸਾਰਾ ਚਿੱਠਾ ਵੀ ਬਿਆਨ ਕਰ
ਜਿਨ੍ਹਾਂ ਨੂੰ ਆਪਣੇ ਕਰਜ਼ਿਆਂ ਦਾ ਭਾਰ
ਹੌਲਾ ਕਰਨ ਲਈ, ਆਪਣੀਆਂ
ਕਿਡਨੀਆਂ ਤੱਕ ਵੇਚਣ ਲਈ
ਮਜਬੂਰ ਹੋਣਾ ਪੈਂਦਾ ਹੈ

ਕਵਿਤਾ, ਤੂੰ ਚੁੱਪ ਨ ਰਹਿ–
ਤੂੰ, ਫੁੱਲਾਂ ਜਿਹੀਆਂ
ਉਨ੍ਹਾਂ, ਧੀਆਂ ਦੀ ਜ਼ਿੰਦਗੀ ਬਾਰੇ ਵੀ
ਆਪਣੇ ਬੋਲ ਕਹਿ
ਜਿਨ੍ਹਾਂ ਦੇ ਜਿਸਮਾਂ ਦੇ ਟੁੱਕੜੇ, ਟੁੱਕੜੇ
ਕਰ ਕੇ, ਧਰਮਾਂ ਦੇ ਅਖੌਤੀ ਰਾਖੇ
ਮਾਪੇ, ਆਪਣੇ, ਖੇਤਾਂ ਵਿੱਚ
ਖਿਲਾਰ ਦਿੰਦੇ ਹਨ

ਕਵਿਤਾ, ਤੂੰ ਚੁੱਪ ਨ ਰਹਿ–
ਤੂੰ, ਨਿਰਮਲ ਪਾਣੀਆਂ ਦੇ ਸੋਮਿਆਂ
ਉਨ੍ਹਾਂ, ਗੰਗਾ, ਜਮਨਾ, ਵੋਲਗਾ, ਯੰਗਸੀ ਜਿਹੇ ਖੂਬਸੂਰਤ
ਦਰਿਆਵਾਂ ਦੀ ਕਥਾ ਵੀ ਕਹਿ
ਜਿਨ੍ਹਾਂ ਨੂੰ ਧਨਾਢ ਵਿਉਪਾਰੀਆਂ ਨੇ
ਮਹਿਜ਼, ਆਪਣੇ ਮੁਨਾਫਿਆਂ ਖਾਤਿਰ
ਕੂੜੇ ਦੇ ਅੰਬਾਰ ਬਣਾ ਦਿੱਤਾ ਹੈ

ਕਵਿਤਾ, ਤੂੰ ਚੁੱਪ ਨ ਰਹਿ–
ਤੂੰ, ਰੋਟੀ–ਰੋਜ਼ੀ ਦੀ ਭਾਲ 'ਚ ਭਟਕਦੇ
ਉਨ੍ਹਾਂ, ਧੀਆਂ–ਪੁੱਤਰਾਂ ਦੇ ਦੁੱਖਾਂ
ਦੀ ਵੀ ਬਾਤ ਪਾ, ਜੋ
ਭਰਿਸਟ–ਰਾਜਨੀਤੀਵਾਨਾਂ ਵੱਲੋਂ
ਵਗਾਏ ਜਾ ਰਹੇ, ਠਾਠਾਂ ਮਾਰਦੇ
ਨਸ਼ਿਆਂ ਦੇ ਛੇਵੇਂ ਦਰਿਆ ਵਿੱਚ
ਡੁੱਬ ਕੇ ਮਾਰੇ ਗਏ

ਕਵਿਤਾ, ਤੂੰ ਚੁੱਪ ਨ ਰਹਿ-
ਤੂੰ, ਹੰਝੂਆਂ ਦੀ ਬਰਸਾਤ ਵਿੱਚ ਡੁੱਬ ਗਈਆਂ
ਉਨ੍ਹਾਂ, ਮਾਵਾਂ ਦੇ ਦੁੱਖਾਂ ਨੂੰ ਵੀ
ਸ਼ਬਦਾਂ ਦੀ ਜ਼ੁਬਾਨ ਦੇਹ
ਜਿਨ੍ਹਾਂ ਦੇ ਬੇਗੁਨਾਹ ਅਤੇ ਇਕਲੌਤੇ ਪੁੱਤਰਾਂ ਨੂੰ
ਭਰਿਸ਼ਟ-ਪੁਲਿਸ ਅਧਿਕਾਰੀਆਂ ਨੇ
ਮਹਿਜ਼, ਇਨਾਮਾਂ-ਸਨਮਾਨਾਂ ਦੀ ਲਾਲਸਾ-ਵੱਸ
ਨਹਿਰਾਂ ਕੰਢੇ, ਝੂਠੇ ਪੁਲਿਸ ਮੁਕਾਬਲੇ ਬਣਾ
ਲਾਵਾਰਸ, ਲਾਸ਼ਾਂ ਦੇ ਢੇਰ
ਬਣਾ ਦਿੱਤਾ

ਕਵਿਤਾ, ਤੂੰ ਚੁੱਪ ਨ ਰਹਿ !
ਕਵਿਤਾ, ਤੂੰ ਚੁੱਪ ਨ ਰਹਿ !!
ਕਵਿਤਾ, ਤੂੰ ਚੁੱਪ ਨ ਰਹਿ !!!
■

(ਮਾਲਟਨ, ਮਾਰਚ 23, 2017)

# ਜ਼ਿੰਮੇਵਾਰੀ

ਇੱਕ ਕਵੀ ਇੱਕ ਸਾਹਿਤਕ ਮਹਿਫ਼ਲ 'ਚ
ਕਵਿਤਾ ਪੜ੍ਹਦਿਆਂ ਆਖਦਾ ਹੈ :
'ਇਹ ਕਵਿਤਾ ਮੈਂ ਨਹੀਂ ਲਿਖੀ
ਰੱਬ ਨੇ ਮੇਰੇ ਕੋਲੋਂ ਲਿਖਵਾਈ ਹੈ'

ਇੱਕ ਧਰਮ ਦਾ ਬੰਦਾ
ਦੂਜੇ ਧਰਮ ਦੇ ਬੰਦੇ ਦਾ ਕਤਲ ਕਰਦਿਆਂ ਆਖਦਾ ਹੈ :
'ਇਹ ਕਤਲ ਮੈਂ ਨਹੀਂ ਕੀਤਾ
ਰੱਬ ਨੇ ਮੇਰੇ ਕੋਲੋਂ ਕਰਵਾਇਆ ਹੈ'

ਇੱਕ ਦੁਕਾਨਦਾਰ ਸੌਦਾ ਵੇਚਦਿਆਂ
ਸੌਦੇ ਵਿੱਚ ਬੀਮਾਰੀ ਦੇ ਕੀਟਾਣੂੰ ਮਿਲਾਂਦਿਆਂ ਆਖਦਾ ਹੈ :
'ਇਹ ਮਿਲਾਵਟ ਮੈਂ ਨਹੀਂ ਕੀਤੀ
ਰੱਬ ਨੇ ਮੇਰੇ ਕੋਲੋਂ ਕਰਵਾਈ ਹੈ'

ਇੱਕ ਜਿਹਾਦੀ ਆਤੰਕਵਾਦੀ
ਅਨੇਕਾਂ ਬੱਚਿਆਂ ਦਾ ਕਤਲ ਕਰਦਿਆਂ ਆਖਦਾ ਹੈ :
'ਇਹ ਕਤਲ ਮੈਂ ਨਹੀਂ ਕੀਤੇ
ਰੱਬ ਨੇ ਮੇਰੇ ਕੋਲੋਂ ਕਰਵਾਏ ਹਨ'

ਇੱਕ ਨਸ਼ਿਆਂ ਦਾ ਸਮੱਗਲਰ
ਨਸ਼ਿਆਂ ਦਾ ਛੇਵਾਂ ਦਰਿਆ ਵਗਾਂਦਿਆਂ ਆਖਦਾ ਹੈ :
'ਇਹ ਨਸ਼ਿਆਂ ਦਾ ਦਰਿਆ ਮੈਂ ਨਹੀਂ ਵਗਾਇਆ
ਰੱਬ ਨੇ ਮੇਰੇ ਕੋਲੋਂ ਵਗਾਇਆ ਹੈ'

ਇੱਕ ਧਾਰਮਿਕ ਆਗੂ
ਧਰਮ ਦੇ ਗ੍ਰੰਥ ਕੂੜੇ ਦੇ ਢੇਰ ਵਿੱਚ ਸੁੱਟਦਿਆਂ ਆਖਦਾ ਹੈ :
'ਇਹ ਧਰਮ ਦੀ ਬੇਇਜ਼ਤੀ ਮੈਂ ਨਹੀਂ ਕੀਤੀ
ਰੱਬ ਨੇ ਮੇਰੇ ਕੋਲੋਂ ਕਰਵਾਈ ਹੈ'

ਇੱਕ ਗਾਂ ਰੱਖਿਅਕ
ਆਪਣੇ ਗਵਾਂਢੀ ਉੱਤੇ ਕਾਤਲਾਨਾ ਹਮਲਾ ਕਰਦਿਆਂ ਆਖਦਾ ਹੈ :
'ਇਹ ਕਾਤਲਾਨਾ ਹਮਲਾ ਮੈਂ ਨਹੀਂ ਕੀਤਾ
ਰੱਬ ਨੇ ਮੇਰੇ ਕੋਲੋਂ ਕਰਵਾਇਆ ਹੈ'

ਅਸੀਂ, ਅੱਜ
ਕਿਹੋ ਜਿਹੇ ਸਮਿਆਂ ਵਿੱਚ
ਜੀ ਰਹੇ ਹਾਂ-

ਕੋਈ ਵੀ ਵਿਅਕਤੀ
ਕਿਸੀ ਵੀ, ਆਪਣੇ ਕੰਮ ਦੀ
ਜ਼ਿੰਮੇਵਾਰੀ ਲੈਣ ਲਈ
ਤਿਆਰ ਨਹੀਂ
■ (ਮਾਲਟਨ, ਅਪ੍ਰੈਲ 6, 2017)



# ਸਲੀਮ ਪਾਸ਼ਾ

# ਲਹੂ ਦਾ ਇੱਕੋ ਰੰਗ

"ਲਹੂ ਦਾ ਰੰਗ" ਨਿਰਾ ਨਜ਼ਮਾਂ ਦਾ ਪਰਾਗਾ ਹੀ ਨਹੀਂ ਸਗੋਂ ਇਹ ਵੰਡ ਦੇ ਦੁਖਾਂਤ ਦੇ ਫੱਟਾਂ ਉੱਤੇ ਇੱਕ ਮੱਲ੍ਹਮ ਏ. ਅਜੇ ਤੀਕ ਨਜ਼ਮਾਂ ਦੀ ਕੋਈ ਐਸੀ ਕਿਤਾਬ ਨਜ਼ਰ 'ਚੋਂ ਨਹੀਂ ਗੁਜ਼ਰੀ ਜਿਸਨੂੰ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਦੋ ਸ਼ਾਇਰਾਂ ਨੇ ਐਡੀ ਪ੍ਰੀਤ ਤੇ ਚਾਅ ਨਾਲ ਸ਼ਿੰਗਾਰਿਆ ਹੋਵੇ. ਨਜ਼ਮਾਂ ਦਾ ਇਹ ਪਰਾਗਾ ਇੱਕ ਨਵਾਂ ਤਜਰਬਾ ਏ ਤੇ ਪੰਜਾਬੀ ਸਾਹਿਤ ਨੂੰ ਇਹੋ ਜਿਹੇ ਨਵੇਂ ਨਕੋਰ ਤਜਰਬਿਆਂ ਦੀ ਲੋੜ ਵੀ ਏ. ਵੇਲਾ ਦੱਸੇਗਾ ਕਿ ਇਹ ਅਜੋਕਾ ਕੰਮ ਸਲਾਹੁਣਯੋਗ ਏ. ਸੁਖਿੰਦਰ ਤੇ ਪਾਸ਼ਾ ਜੀ ਦੋਵੇਂ ਮਿੱਤਰ ਨੇ ਜਿਨ੍ਹਾਂ ਦੀ ਕਈ ਹੋਰ ਕੰਮਾਂ ਵਿੱਚ ਵੀ ਪੂਰੀ ਸਾਂਝ ਏ, ਇਹ ਦੋਵੇਂ ਹਮਨਿਵਾਲਾ ਘੱਟ ਤੇ 'ਹਮਪਿਆਲਾ' ਬਹੁਤੇ ਨੇ. ਪਰ ਚੰਗੀ ਗੱਲ ਇਹ ਹੈ ਕਿ ਦੋਵਾਂ ਨੇ ਰਲ ਕੇ ਇਸ ਪਿਆਲੇ ਵਿੱਚ ਲਹੂ ਦੇ ਰੰਗ ਨੂੰ ਸਿਆਣ ਲਿਆ ਏ. ਲਹਿੰਦਾ ਕੀ ਤੇ ਚੜ੍ਹਦਾ ਕੀ ਏ? ਲਹੂ ਦਾ ਰੰਗ ਤੇ ਇੱਕੋ ਈ ਏ ਨਾ? ਦੋਵਾਂ ਪਾਸੇ ਸਾਡੇ ਹੀ ਪੁਰਖਾਂ ਦਾ ਲਹੂ ਮਿੱਟੀ ਵਿੱਚ ਰੁਲਿਆ ਸੀ. ਧਰਤੀ ਤੇ ਮਿੱਤਰਾਂ ਦੀ ਸਿੱਕ ਤੇ ਸਾਂਝ ਦੀ ਪਿਆਸੀ ਹੁੰਦੀ ਏ, ਲਹੂ ਦੀ ਨਹੀਂ. ਇਵੇਂ ਹੀ ਧਰਤੀ ਨੂੰ ਤਮਗਿਆਂ ਦੀ ਥਾਂ ਪੁੱਤਰਾਂ ਦੀ ਲੋੜ ਹੁੰਦੀ ਏ. ਧਰਤੀ ਦੇ ਇਨ੍ਹਾਂ ਦੋਵਾਂ ਪੁੱਤਰਾਂ ਦੀ ਸਾਂਝ ਨੇ ਲਹੂ ਲਹੂ ਹੋਈ ਧਰਤੀ ਦੀ ਮਾਂਗ ਵਿੱਚ ਆਪਣੀਆਂ ਨਜ਼ਮਾਂ ਦਾ ਸੰਧੂਰ ਭਰਿਆ ਏ, ਸ਼ਾਲਾ ! ਇਹ ਸਾਂਝ ਸਲਾਮਤ ਰਵੇ.

ਵੱਡ ਵਡੇਰੇ ਦੱਸਦੇ ਨੇ ਕਿ ਅਜ਼ਲਾਂ ਤੋਂ ਲਹੂ ਦਾ ਰੰਗ ਕੁਰਬਾਨੀ, ਇਸ਼ਕ, ਮੁਹੱਬਤ ਤੇ ਹੌਸਲੇ ਨੂੰ ਜ਼ਾਹਿਰ ਕਰਦਾ ਏ. ਸੱਚੇ ਜਜ਼ਬਿਆਂ ਦਾ ਰੰਗ ਵੀ ਲਾਲ ਹੁੰਦਾ ਏ. ਘੁੰਗਰੂ ਬੰਨ੍ਹਕੇ ਯਾਰ ਮਨਾਈਏ ਤੇ ਪੈਰਾਂ ਹੇਠਲੀ ਭੋਇੰ ਦਾ ਰੰਗ ਵੀ ਲਾਲ ਸੂਹਾ ਹੋ ਜਾਂਦਾ ਹੈ. ਨਾਇਨਸਾਫੀ, ਨਫ਼ਰਤ, ਜ਼ੁਲਮ ਤੇ ਕਹਿਰ ਦੀ ਅਖੀਰ ਹੋ ਜਾਵੇ ਤੇ ਲਾਲ ਹਨ੍ਹੇਰੀ ਝੁੱਲਦੀ ਏ.

ਪਾਸ਼ਾ ਜੀ ਨੇ ਆਪਣੀਆਂ ਨਜ਼ਮਾਂ ਵਿੱਚ ਸੱਚ ਤੇ ਇਨਸਾਨੀਅਤ ਦੇ ਕਤਲ ਦਾ ਵੈਣ ਕੀਤਾ ਏ. ਉਹਨਾਂ ਨੂੰ ਅਮਨ ਦੀ ਘੁੱਗੀ ਦੀ ਉਡਾਰੀ ਨ ਭਰ ਸਕਣ ਦਾ ਹਰਖ ਏ. ਧਰਮ ਦੇ ਨਾਂ ਤੇ ਸਿਆਸਤ ਚਮਕਾਉਣ ਵਾਲੇ, ਰੱਬ ਦੇ ਘਰ ਦੀਆਂ ਕੰਧਾਂ ਨੂੰ ਲਹੂ-ਲੁਹਾਨ ਤੇ ਅੱਤਵਾਦ ਨੂੰ ਹਵਾ ਦੇਣ ਵਾਲੇ ਕਿਸੇ ਵੀ ਤੌਰ ਤੇ ਉਨ੍ਹਾਂ ਨੂੰ ਕਬੂਲ ਨਹੀਂ, ਪਰ ਸਭ ਧਰਮ ਦੀਆਂ ਮੁਕੱਦਸ ਥਾਵਾਂ ਨੂੰ ਪਾਸ਼ਾ ਜੀ ਨੇ ਮਾਵਾਂ ਆਖਿਆ ਏ. ਮਾੜੇ ਦੀ ਲੀਰੋ-ਲੀਰ ਜਿੰਦੜੀ, ਵੰਝਲੀ ਦੀ ਥਾਂ ਸ਼ਮਸ਼ੀਰ, ਫੁੱਟਪਾਥ ਤੇ ਰੋਂਦਾ ਹੋਇਆ ਮਾਂਗਤ ਬੱਚਾ, ਸਲੀਮ ਪਾਸ਼ਾ ਦੀ ਸ਼ਾਇਰੀ ਦੇ ਉਹ ਇਮੇਜ ਨੇ ਜਿਹੜੇ ਕੈਨਵਸ ਤੋਂ ਹੁੰਦੇ ਹੋਏ ਸ਼ਬਦਾਂ ਰਾਹੀਂ ਏਹਨਾਂ ਨਜ਼ਮਾਂ ਦੇ ਪਰਾਗੇ ਵਿੱਚ ਪਰੋਏ ਹੋਏ ਮਿਲਦੇ ਨੇ. ਲਹੂ ਵਿੱਚ ਡੁੱਬੇ ਹੱਥਾਂ ਨਾਲ ਹਵਾ ਤੇ ਲਿਖਣ ਦਾ ਸ਼ੌਂਕ ਪਾਸ਼ਾ ਜੀ ਨੂੰ ਇੱਕ ਨਵੀਂ ਦੁਨੀਆਂ 'ਚ ਲੈ ਜਾਂਦਾ ਏ. ਜਿੱਥੇ ਖੁਦਗ਼ਰਜ਼ੀ ਦੀ ਥਾਂ ਖੁੱਲ੍ਹ ਕੇ ਦੂਜਿਆਂ ਲਈ ਆਪਣਾ ਆਪ ਵਾਰ ਦੇਣ ਦਾ ਜਜ਼ਬਾ ਪੈਦਾ ਹੁੰਦਾ ਏ. ਇਹੋ ਜਜ਼ਬਾ ਸਲੀਮ ਪਾਸ਼ਾ ਦੀ ਸ਼ਾਇਰੀ ਦਾ ਵਿਸ਼ਾ ਏ. ਪਾਸ਼ਾ ਜੀ ਆਪਣੀ ਇੱਕ ਨਜ਼ਮ "ਜੀਅ ਕਰਦੇ ਏ" ਵਿੱਚ ਕਹਿੰਦੇ ਨੇ :

ਜੀਅ ਤਾਂ ਕਰਦਾ ਏ
ਲਹੂ ਦਾ ਰੁਗ ਭਰਾਂ
ਵੱਲ ਅਸਮਾਨਾਂ ਉਛਾਲ ਦਿਆਂ

ਧਰਤੀ ਤੇ ਡਿੱਗਣ ਵਾਲੀਆਂ
ਸਭ ਬਲਾਵਾਂ
ਕਿਸੇ ਤਰ੍ਹਾਂ ਮੈਂ ਟਾਲ ਦਿਆਂ

ਸਲੀਮ ਪਾਸ਼ਾ ਹੋਰਾਂ ਦਾ ਰੰਗਾਂ ਨਾਲ ਬਹੁਤ ਪੁਰਾਣਾ ਤੇ ਇਸ਼ਕ ਪਰੁੱਚਿਆ ਰਿਸ਼ਤਾ ਏ. ਏਸ ਰਿਸ਼ਤੇ ਨੂੰ ਜਿਵੇਂ ਪਾਸ਼ਾ ਜੀ ਨੇ ਪਾਲਿਆ, ਉਹ ਘੱਟ ਫਨਕਾਰਾਂ ਨੂੰ ਨਸੀਬ ਹੁੰਦਾ ਏ. ਜੇ ਰੰਗਾਂ ਦੀ ਬੋਲੀ ਵਿੱਚ ਗੱਲ ਕਰੀਏ ਤਾਂ ਸੁਖਿੰਦਰ ਤੇ ਸਲੀਮ ਪਾਸ਼ਾ ''ਯੈਲੋ'' ਤੇ ''ਮਜੰਟਾ'' ਵਾਂਗੂੰ ਇਕੱਠੇ ਹੋਏ ਨੇ. ਏਸ ਮਿਲਾਪ ਤੋਂ ਬਿਨ੍ਹਾਂ ਲਾਲ ਰੰਗ ਨਹੀਂ ਸੀ ਬਣ ਸਕਦਾ. ਪਾਸ਼ਾ ਜੀ ਨੂੰ ਗੱਲ ਗੱਲ ਤੇ ਜਿਸ ਤਰ੍ਹਾਂ ਲਤੀਫੇ ਫੁੱਟਦੇ, ਗੀਤ ਚੇਤੇ ਆਉਂਦੇ ਨੇ, ਓਸੇ ਤਰ੍ਹਾਂ ਮੈਨੂੰ ਏਸ ਮੌਕੇ ਤੇ ਓਹਨਾਂ ਦੀ ਜਨਮ ਭੂਮੀ ਗੁਜਰਾਤ ਨਾਲ ਤਾਅਲੱਕ ਰੱਖਣ ਵਾਲੇ ਪ੍ਰਸਿੱਧ ਪੰਜਾਬੀ ਲੋਕ-ਗਾਇਕ ਆਲਮ ਲੋਹਾਰ ਹੋਰਾਂ ਦਾ ਗਾਇਆ ਹੋਇਆ ਇੱਕ ਗੀਤ ਚੇਤੇ ਆਉਂਦਾ ਏ :

''ਵਾਹ ਰੰਗੀਆ? ਤੇਰੇ ਰੰਗ''

ਏਸ ਪਰਾਗੇ ਵਿੱਚ ਪਾਸ਼ਾ ਜੀ ਦੀਆਂ ਕੁਝ ਹੋਰ ਨਜ਼ਮਾਂ ''ਸਾਂਝ'', ''ਰਾਤ ਆਉਂਦੀ ਏ'', ''ਕਰਬਲ ਵਾਲੀ ਸ਼ਾਮ'', ''ਹਿਜਰਤ'', ''ਖੌਫ਼ ਨਗਰ'' ਤੇ ''ਲਹੂ ਦਾ ਰੰਗ'' ਬੜੀਆਂ ਟਿਕਾਵੀਆਂ ਤੇ ਵੇਲੇ ਸਿਰ ਨੇ. ਜਿਵੇਂ ਇੱਕ ਹੋਰ ਨਜ਼ਮ ਵੇਖੋ ''ਅਜੇ ਅਸੀਂ ਨਹੀਂ ਮਰਾਂਗੇ'' :

ਦੀਵੇ ਆਪਣੇ ਸੁਫਨਿਆਂ ਦੇ
ਅੱਗੇ 'ਵਾ ਦੇ ਧਰਾਂਗੇ
ਅਜੇ ਅਸੀਂ ਨਹੀਂ ਮਰਾਂਗੇ

ਡੁੱਬ ਜਾਵੇ ਇਹ ਸੂਰਜ ਸਾਰਾ
ਟੁੱਟ ਜਾਵੇ ਕੋਈ ਆਸ ਕਿਨਾਰਾ
ਅੱਧ-ਪਚੱਧੇ ਸਾਹਾਂ ਨਾਲ ਵੀ
ਅੱਗੇ ਹੋ ਕੇ ਲੜਾਂਗੇ
ਅਜੇ ਅਸੀਂ ਨਹੀਂ ਮਰਾਂਗੇ

ਮੈਨੂੰ ਪੂਰੀ ਉਮੀਦ ਏ ਕਿ ਮੇਰੇ ਦੋ ਮਿੱਤਰਾਂ ਦੀਆਂ ਨਜ਼ਮਾਂ ਦਾ ਇਹ ਲਾਲ ਸੂਹਾ ਪਰਾਂਦਾ ਕਿਸੇ ਲੰਘੇ ਹੋਏ ਵੇਲੇ ਦੀ ਕਿੱਲੀ ਤੇ ਟੰਗਿਆ ਨਹੀਂ ਰਹਿ ਜਾਵੇਗਾ, ਸਗੋਂ ਇਹ ਪ੍ਰੀਤਾਂ ਵੰਡਣ ਤੇ ਇੱਕਮਿੱਕ ਹੋਵਣ ਦੀਆਂ ਨਵੀਆਂ ਕਿਰਨਾਂ ਨੂੰ ਸਾਹਮਣੇ ਲੈ ਕੇ ਆਵੇਗਾ. ਜਿੱਥੇ ਹਨ੍ਹੇਰੇ ਦੀ ਥਾਂ ਚਾਨਣ ਹੀ ਚਾਨਣ ਹੋਵੇਗਾ. ਸੁਖਿੰਦਰ ਤੇ ਪਾਸ਼ਾ ਜੀ ਨੂੰ ਢੇਰ ਵਧਾਈਆਂ ਤੇ ਏਸ ਦੁਆ ਨਾਲ ਇਜਾਜ਼ਤ ਚਾਹਾਂਗਾ ਕਿ ਮੌਲਾ ! ਤੁਹਾਨੂੰ ਰੰਗ ਲਾਵੇ.

-ਹਜ਼ਰਤ ਸ਼ਾਮ
ਡਿਟਰਾਇਟ, ਮਿਸ਼ੀਗਨ, ਅਮਰੀਕਾ
3 ਜੂਨ, 2017

# ਲਹੂ ਦਾ ਰੰਗ

ਜਿੱਥੇ ਵੀ ਲੜਾਈ ਜਾਂ ਜੰਗ ਹੋਈ
ਸਭ ਤੋਂ ਪਹਿਲਾਂ ਕਤਲ ਸੱਚ ਦਾ ਹੋਇਆ
ਇਸ ਤੋਂ ਬਾਹਦ ਇਨਸਾਨੀਅਤ ਦਾ
ਜੱਗ ਦੀਆਂ ਹੁਣ ਤੱਕ ਹੋਵਣ ਵਾਲੀਆਂ
ਸਾਰੀਆਂ ਜੰਗਾਂ
ਅਮਨ ਦੇ ਨਾਂ 'ਤੇ ਹੋਈਆਂ ਨੇ
ਪਰ ਅਮਨ ਨਾਂ ਦੀ ਘੁੱਗੀ ਤੇ ਕਦੇ ਵੀ
ਸੁੱਖ ਦੀ ਉਡਾਰੀ ਨਹੀਂ ਭਰ ਸਕੀ
ਲਹੂ ਭਾਵੇਂ ਹਬੀਲ ਦਾ ਹੋਵੇ
ਫਲਸਤੀਨੀ, ਕਸ਼ਮੀਰੀ ਦਾ
ਯਾ '47 ਵਿੱਚ ਹਿਜਰਤ ਕਰਨ ਵਾਲਿਆਂ ਦਾ
ਲਹੂ 'ਤੇ ਲਹੂ ਹੁੰਦਾ ਹੈ
ਇਹਦਾ ਰੰਗ ਤੇ ਇੱਕੋ ਜਿਹਾ ਹੈ
■

(ਟੋਰਾਂਟੋ, ਮਈ 20, 2017)

# ਲਹੂ ਦਾ ਰੰਗ–2

ਇਨਸਾਨਾਂ ਦੀ ਸੋਚ ਜੁਦਾ ਹੋ ਸਕਦੀ ਏ
ਉਹਦਾ ਚੰਮ ਦੂਜਿਆਂ ਤੋਂ ਵੱਖਰੀ ਨਸਲ ਦਾ ਹੋ ਸਕਦਾ ਏ
ਪਰ ਲਹੂ ਦਾ ਰੰਗ ਤਾਂ ਇੱਕੋ ਜਿਹਾ ਹੁੰਦਾ ਏ
ਉਹ ਤਾਂ ਜਿੱਥੇ ਵੀ ਡੁੱਲ੍ਹਦਾ ਏ
ਚੀਕ ਚੀਕ ਕੇ ਦਸਦਾ ਏ
ਮੇਰਾ ਰੰਗ 'ਤੇ ਸਾਂਝਾ ਏ
■

(ਟੋਰਾਂਟੋ, ਮਈ 21, 2017)

# ਲਹੂ ਦਾ ਰੰਗ–3

ਕਦੇ ਕਦਾਈਂ
ਆਲ ਦੁਆਲੇ ਭਾਵੇਂ
ਕੁਝ ਵੀ ਹੋ ਜਾਏ
ਬੰਦਾ ਟੱਸ ਤੋਂ ਮੱਸ ਨਹੀਂ ਹੁੰਦਾ
ਪਰ ਕਈ ਵਾਰੀ ‘ਤੇ
ਨਿੱਕੀ ਜਿਹੀ ਗੱਲ ਵੀ
ਪੂਰੇ ਬਦਨ ਦਾ ਲਹੂ
ਉਬਾਲ ਦਿੰਦੀ ਏ
■

(ਟੋਰਾਂਟੋ, ਮਈ 22, 2017)

# ਜੀਅ ਤਾਂ ਕਰਦਾ ਏ

ਦਿਲ ਦੇ ਕਾਸਿਓਂ
ਲਹੂ ਦਾ ਰੁਗ ਭਰਾਂ
ਤੇ ਵੱਲ ਅਸਮਾਨਾਂ ਉਛਾਲ ਦਿਆਂ
ਧਰਤੀ ਉੱਤੇ ਡਿੱਗਣ ਵਾਲੀਆਂ
ਸਭ ਬਲਾਵਾਂ
ਕਿਸੇ ਤਰ੍ਹਾਂ ਮੈਂ ਟਾਲ ਦਿਆਂ
■

(ਟੋਰਾਂਟੋ, ਮਈ 21, 2017)

# ਮੈਂ ਤਾਂ ਬਸ ਲਹੂ ਹਾਂ

ਮੇਰਾ ਤਾਂ ਕਿਧਰੇ ਵੀ
ਕੋਈ ਤਾਅਲੱਕ ਨਹੀਂ ਹੈ
ਸਿਆਸਤ ਦੇ ਨਾਲ
ਪਰ ਮੈਨੂੰ ਹੀ ਕਿਉਂ
ਬੇਵਜਹ, ਵਗਾਇਆ ਜਾਂਦਾ ਹੈ

ਮੇਰਾ ਤਾਂ ਕੋਈ ਲੈਣਾ ਦੇਣਾ ਨਹੀਂ
ਮਸਜਿਦ, ਮੰਦਰ ਨਾਲ
ਫੇਰ ਵੀ ਮੈਨੂੰ, ਸਭ ਤੋਂ ਚੋਖਾ
ਧਰਮ ਦੇ ਨਾਂ 'ਤੇ ਹੀ
ਡੋਲ੍ਹਿਆ ਜਾ ਰਿਹਾ ਹੈ
ਇਹ ਸਭ ਤੋਂ ਬੁਰੀ ਸ਼ਕਲ ਹੈ
ਮੇਰੇ ਨੁਕਸਾਨ ਦੀ

■

(ਟੋਰਾਂਟੋ, ਮਈ 15, 2017)

# ਰੋ+ਬੋਟ

ਧਰਮ ਦੀ ਲੈਬਾਰਟਰੀ ਦੇ ਬਣੇ ਹੋਏ
ਇਹ ਕਿਹੋ ਜਿਹੇ ਰੋਬੋਟ ਨੇ
ਜਿਨ੍ਹਾਂ ਨੂੰ ਕੋਈ ਸਾਇੰਸ 'ਤੇ ਅਕਲ
ਫੜ ਨਹੀਂ ਸਕਦੀ
ਦੁੱਖ ਦੀ ਦਰਦ ਦੀ
ਯਾਂ ਜਿਉਂਦੇ ਕਿਸੇ ਫਰਦ ਦੀ
ਕਹਾਣੀ ਇਹਨਾਂ 'ਤੇ
ਅਸਰ ਨਹੀਂ ਕਰਦੀ

ਇਹ ਕਿਹੋ ਜਿਹੇ ਲੋਕ ਨੇ
ਤੇ ਕੀ ਇਨ੍ਹਾਂ ਦੇ ਸ਼ੌਕ ਨੇ
ਮੈਂ ਪੁੱਛਦਾ ਹਾਂ ਅਸਮਾਨਾਂ 'ਤੇ ਬੈਠੇ ਹੋਏ ਰੱਬ ਨੂੰ
ਇਹ ਵੀ ਤੇਰੇ ਹੀ ਬੰਦੇ ਨੇ
ਜਿਨ੍ਹਾਂ ਕੱਚੇ ਜਿਹੇ ਦਿਮਾਗ਼ਾਂ ਦੀ ਜ਼ਮੀਨ 'ਤੇ
ਜੰਨਤ ਬੀਜੀ ਏ
ਏਨਾਂ ਤੇ ਉਸ ਅਯਾਣੇ ਨੂੰ ਵੀ ਨਹੀਂ ਬਖਸ਼ਿਆ
ਜਿਸ ਦੀ ਮੁੱਠੀ ਵਿੱਚ ਅਜੇ ਵੀ
ਮੇਲੇ ਵਿੱਚੋਂ ਖਰੀਦੀ ਹੋਈ ਚੀਜ਼ੀ ਏ

ਏਨਹਾਂ ਦੇ ਇੱਕ ਇਸ਼ਾਰੇ 'ਤੇ
ਹਸਦੀ ਵਸਦੀ ਜ਼ਿੰਦਗੀ ਦਾ
ਸਾਰਾ ਮੇਲਾ ਹੀ ਉੱਜੜ ਜਾਂਦਾ ਏ
ਕੀਹਦਾ ਵੀਰ 'ਤੇ ਕਿਸਦਾ ਲਾਲ
ਪਿਓ ਦੀ ਉਂਗਲ ਫੜਿਆ ਹੱਥ
ਗਲ ਵਿੱਚ ਪਾਇਆ ਬਸਤਾ 'ਤੇ ਉੱਡਦੇ ਹੋਏ ਵਾਲ
ਸਾਰਾ ਨਕਸ਼ਾ ਹੀ ਖਿਲਰ ਜਾਂਦਾ ਏ
ਮੈਂ ਇੱਥੇ ਬਹਿ ਕੇ ਪਿੱਟਾਂ
ਤੂੰ ਉੱਥੇ ਬਹਿ ਕੇ ਰੋ
ਕਰਕੇ 'ਕੱਠੇ ਸਾਰੇ ਡੱਕਰੇ
ਛੋਟੇ ਵੱਡੇ ਬੋਟ
ਰੋ+ਬੋਟ
■

(ਟੋਰਾਂਟੋ, ਅਕਤੂਬਰ 18, 2013)

# ਸੱਚ ਦਾ ਮੁੱਲ

ਭਰੇ ਚੌਕ ਵਿੱਚ
ਆਪਣਾ ਹੀ ਲਹੂ ਡੋਹਲਣਾ ਪਏਗਾ
ਜਦੋਂ ਵੀ ਕਿਧਰੇ ਕਿਸੇ ਨੂੰ
ਸੱਚ ਬੋਲਣਾ ਪਏਗਾ
■

(ਇਸਲਾਮਾਬਾਦ, ਜਨਵਰੀ 20, 2012)

## ਸਾਂਝ

ਸਭ ਧਰਮਾਂ ਦੀਆਂ ਮੁਕੱਦਸ ਥਾਵਾਂ
ਇੱਕੋ ਜਿਹੀਆਂ
ਜਿਵੇਂ ਜੱਗ ਦੀਆਂ ਸਾਰੀਆਂ ਮਾਵਾਂ
ਇੱਕੋ ਜਿਹੀਆਂ
■

(ਲਾਹੌਰ, ਜੁਲਾਈ 10, 2005)

# ਜੀਅ ਕਰਦਾ ਏ

ਜੀਅ ਕਰਦਾ ਏ
ਆਪਣੇ ਵਿੱਚੋਂ ਬਾਹਰ ਨਿਕਲਾਂ
ਚਾਰ ਦਿਨਾਂ 'ਤੇ ਰੋਵਾਂ
ਕਾਲੇ, ਕੋਹਝੇ, ਮੈਲੇ, ਬੁੱਤ ਨੂੰ
ਅੰਦਰੂੰ ਬਾਹਰੋਂ ਧੋਵਾਂ

ਜੀਅ ਕਰਦਾ ਏ
ਏਸ ਸਮੇਂ ਦੀ ਹੱਦ ਨੂੰ ਪਾਰ ਕਰਾਂ
ਦੂਰ ਕਿਤੇ ਟੁਰ ਜਾਵਾਂ
ਬਣ ਕੇ ਫੇਰ ਪ੍ਰੇਮ ਪੰਛੀ
ਧਰਤੀ ਉੱਤੇ ਆਵਾਂ

ਜੀਅ ਕਰਦਾ ਏ
ਅਸਮਾਨਾਂ 'ਤੇ ਲਿਖਾਂ
ਲਹੂ 'ਚ ਡੁੱਬੇ ਹੱਥਾਂ ਨਾਲ
ਇਹ ਧਰਤੀ ਪਈ ਕੰਡੇ ਜੰਮਦੀ
ਪਿਆ ਫੁੱਲਾਂ ਦਾ ਕਾਲ

ਜੀਅ ਕਰਦਾ ਏ
ਏਸ ਧਰਤੀ ਦੇ ਦੁੱਖਾਂ ਦਾ
ਇੱਕੋ ਘੁੱਟ ਭਰਾਂ
ਦੂਜਾ ਸਾਹ ਨ ਲਵਾਂ
■

(ਟੋਰਾਂਟੋ, ਜਨਵਰੀ 14, 2015)

# ਵੇਖ ਲਓ !

ਅਸਮਾਨਾਂ 'ਤੇ ਲਿਖ ਦਿੱਤੇ ਨੇ
ਸਾਰੇ ਦੁੱਖ
ਹੱਥ ਆਪਣੇ ਡੋਬ ਕੇ ਮੈਂ
ਲਹੂ ਦੇ ਵਿੱਚ
■

(ਇਸਲਾਮਾਬਾਦ, 2005)

# ਹੋਰ ਬਹੁਤ ਕੁਝ ਹੈ ਰੋਣ ਲਈ

ਤੁਹਾਡੇ ਜਿਗਰ ਦੇ ਲਹੂ ਨੂੰ ਚੋਣ ਲਈ
ਅਜੇ ਹੋਰ ਬਹੁਤ ਕੁਝ ਹੈ ਰੋਣ ਲਈ

ਗਵਾਚੇ ਲਾਲਾਂ ਦੀਆਂ ਮੂਰਤਾਂ
ਹੱਥੀਂ ਫੜਕੇ
ਬੂਹੇ ਪਿੱਛੇ ਮੁੱਖ ਲੁਕਾ ਕੇ
ਖਲੋਤੀਆਂ ਮਾਵਾਂ

ਭੈਣਾਂ ਦੇ ਨੰਗੇ ਸਿਰ
ਕੱਜਣ ਵਾਲੇ ਵੀਰਾਂ ਦੇ ਹੱਥਾਂ ਨੂੰ
ਉਡੀਕਣ ਵਾਲੀਆਂ
ਪੱਥਰਾਈਆਂ ਹੋਈਆਂ ਅੱਖਾਂ

ਕੰਬਦੇ ਹੱਥਾਂ ਨਾਲ
ਪੈਰੀਂ ਮਿੱਧੇ ਹੋਏ
ਆਸਾਂ ਦੇ ਬੂਟੇ ਨੂੰ
ਸਾਂਭਣ ਵਾਲਾ ਬੁੱਢੜਾ ਪਿਓ

ਜੇਕਰ ਤੁਹਾਡੇ ਦਿਲਾਂ ਵਿੱਚ ਅਜੇ ਵੀ
ਕੋਈ ਵਲੇਟ ਨਹੀਂ 'ਤੇ ਮੈਂ ਫਿਰ ਕਹਿਨੈਂ
ਤੁਹਾਡੇ ਜਿਗਰ ਦੇ ਲਹੂ ਨੂੰ ਚੋਣ ਲਈ
ਅਜੇ ਹੋਰ ਬਹੁਤ ਕੁਝ ਹੈ ਰੋਣ ਲਈ
■

(ਇਸਲਾਮਾਬਾਦ, 2005)

# ਵੇਲਾ ਅੰਤ ਅਖੀਰ

ਕਿੱਕਰਾਂ ਉੱਤੇ ਟੰਗੀ ਰਹਿ ਗਈ
ਜਿੰਦੜੀ ਲੀਰੋ ਲੀਰ
ਵੇਲਾ ਅੰਤ ਅਖੀਰ

ਨ ਉਹ ਛੰਨਾਂ, ਨ ਉਹ ਚੂਰੀ
ਨ ਰਾਂਝਾ, ਨ ਹੀਰ
ਵੇਲਾ ਅੰਤ ਅਖੀਰ

ਵੰਝਲੀ ਵਾਲੇ ਹੱਥਾਂ ਫੜ ਲਈ
ਲੋਹੇ ਦੀ ਸ਼ਮਸ਼ੀਰ
ਵੇਲਾ ਅੰਤ ਅਖੀਰ

ਪਾਣੀ ਦੀ ਥਾਂ ਰੱਤ ਸਦਾਹਵੇ
ਇਸ ਧਰਤੀ ਦਾ ਪੀਰ
ਵੇਲਾ ਅੰਤ ਅਖੀਰ

ਧਰਤੀ ਨੇ ਹੁਣ ਜੰਮਣੇ ਛੱਡੇ
ਸੱਚੇ, ਸਾਧ, ਫਕੀਰ
ਵੇਲਾ ਅੰਤ ਅਖੀਰ
■

(ਇਸਲਾਮਾਬਾਦ, 2005)

# ਇਮੇਜਜ਼

ਫੁੱਟਪਾਥ 'ਤੇ ਰੋਂਦਾ ਹੋਇਆ
ਮਾਂਗਤ ਬੱਚਾ

ਭੁੱਖਣਭਾਣੇ ਬਾਲਾਂ ਨੂੰ
ਥਪੋਕੜਿਆਂ ਨਾਲ ਸੁਆਂਦੀ ਹੋਈ ਮਾਂ

ਵਿੱਚ ਸੜਕ ਦੇ ਮਿੱਧੀ ਹੋਈ
ਇੱਕ ਲਾਵਰਸ ਲਾਸ਼

ਰੱਬ ਦੇ ਘਰ ਦੀਆਂ ਕੰਧਾਂ ਉੱਤੇ
ਲਹੂ ਦੀਆਂ ਛਿੱਟਾਂ

ਮੁਹਾਠਾਂ ਉੱਤੇ ਡਿੱਗਿਆ ਹੋਇਆ ਸੱਜਰਾ ਅਖਬਾਰ
ਯਾ ਭਖਦਾ ਅੰਗਿਆਰ

■

(ਇਸਲਾਮਾਬਾਦ, 2005)

# ਮਾਰੂ

ਹੈਵਾਨ ਨਾਲੋਂ ਇਨਸਾਨ
ਚੋਖਾ ਮਾਰੂ ਏ
ਪਹਿਲੇ ਪਹਿਲ ਤਾਂ
ਮੈਨੂੰ ਵੀ ਯਕੀਨ ਨਹੀਂ ਸੀ
ਪਰ ਜਦੋਂ ਤਾਰੀਖ ਵਿੱਚ ਝਾਤੀ ਮਾਰੀ 'ਤੇ
ਲੱਖਾਂ ਮਿਸਾਲਾਂ ਨਿਕਲ ਆਈਆਂ
ਇਹ 'ਤੇ ਉਹ ਸਨ ਜਿਹੜੀਆਂ ਕਾਗਜ਼ਾਂ ਤੀਕ ਅਪੜੀਆਂ
ਅਜੇ ਸੀਨਿਆਂ ਅੰਦਰ ਦੱਬੀਆਂ ਹੋਈਆਂ
ਕਹਾਣੀਆਂ ਦੀ ਗੱਲ ਨਹੀਂ ਹੋਈ
ਕਰੋੜਾਂ ਬੰਦਿਆਂ ਦੇ ਸਿਰਾਂ ਦਾ ਮੁੱਲ
ਕਾਗਜ਼ 'ਤੇ ਲਿਖਿਆ ਹੋਇਆ
ਇੱਕ ਅੱਖਰ ਵੀ ਨਹੀਂ ਪਿਆ

ਚਲੋ ਤਾਰੀਖ ਨੂੰ ਛੱਡ ਦਿਓ
ਇਸ ਵਿੱਚ ਭੁਲੇਖਾ ਵੀ ਹੋ ਸਕਦਾ ਹੈ
ਆਪਣੇ ਇਸ ਲੰਘਦੇ ਹੋਏ
ਜ਼ਮਾਨੇ ਦੀ ਗੱਲ ਕਰ ਲੈਂਦੇ ਹਾਂ
ਹਵਾ ਦੀ ਰੱਥ 'ਤੇ ਸਵਾਰ
ਅੱਜ ਦੇ ਫਿਰੌਣ
ਹਜ਼ਾਰਾਂ ਬੰਦਿਆਂ ਦਾ ਘੁੱਟ
ਇੱਕੋ ਸਾਹ ਵਿੱਚ ਭਰਦੇ ਪਏ ਨੇ
ਇਨਸਾਨੀ ਹੱਕਾਂ 'ਤੇ ਲੜਨ ਵਾਲੇ
ਇਹ ਕੀ ਕਰਦੇ ਪਏ ਨੇ

ਹੁਣ ਵੀ
ਹੈਵਾਨ ਤੇ ਇਨਸਾਨ ਦੇ ਕਹਿਰਾਂ ਵਿੱਚ
ਨਿਖੇੜਾ ਕੋਈ ਔਖਾ ਨਹੀਂ
ਹੱਥਾਂ 'ਤੇ ਲਿਖੇ ਹੋਏ ਰੱਤੇ ਅੱਖਰ
ਬੋਲ ਕੇ ਦੱਸਦੇ ਨੇ
ਅੱਜ ਦੀ ਤਾਰੀਖ
ਜਿਸ ਵਿੱਚ ਕੋਈ ਵੀ ਓਹਲਾ ਨਹੀਂ
ਕੋਈ ਭੁਲੇਖਾ ਨਹੀਂ
■

(ਇਸਲਾਮਾਬਾਦ, 1999)

# ਰਾਤ ਆਉਂਦੀ ਏ

ਰਾਤ ਆਉਂਦੀ ਏ
ਨਿੱਘੀ ਝੋਲੀ ਦਾ ਰੂਪ ਲੈ ਕੇ
ਵਿੰਨ੍ਹੇ ਹੋਏ ਜੁੱਸੇ ਟਕੋਰਨ ਲਈ
ਕਲਬੂਤਾਂ ਨੂੰ ਸਮੇਂ ਦੀ ਭੱਠ ਵੱਲੇ
ਨਵੇਂ ਸਿਰਿਓਂ ਟੋਰਨ ਲਈ

ਰਾਤ ਆਉਂਦੀ ਏ
ਖਵਾਬਾਂ ਦੀ ਬਹਾਰ
ਸੋਚਾਂ ਦੇ ਪਹਾੜ ਲੈ ਕੇ
ਪਰ ਅੱਖਾਂ ਵਿੱਚ ਸੁਫਨਿਆਂ ਦੀ ਥਾਂ
ਕੰਡੇ ਬੀਜਦੀ
ਸਰਹਾਣੇ ਭਿਓਂਦੀ ਹੋਈ

ਰਾਤ ਆਉਂਦੀ ਏ
ਤੇ ਕਦੀ ਕਦੀ ਉੱਕਾ ਜਾਂਦੀ ਹੀ ਨਹੀਂ
ਲੋਕੀਂ ਪੱਖੂਆਂ ਦੀਆਂ 'ਵਾਜਾਂ ਨੂੰ ਤਰਸਦੇ
ਸੂਰਜ ਦਾ ਮੁਹਾਂਦਰਾ ਵੀ ਭੁੱਲ ਜਾਂਦੇ
ਜਿਹੜੇ ਹੱਥੀਂ
ਉਹ ਸਵੇਰ ਦਾ ਸਵਾਗਤ ਕਰਦੇ ਸਨ
ਉਨ੍ਹਾਂ ਹੱਥਾਂ ਨਾਲ ਘੁੱਪ ਹਨ੍ਹੇਰੇ ਅੰਦਰ
ਟੋਹ ਕੇ ਰਾਹਵਾਂ ਲੱਭਦੇ

ਰਾਤ ਆਉਂਦੀ ਏ
ਕੂਲੀ ਕੂਲੀ ਚਾਨਣੀ 'ਚ ਭੁਲੇਖੇ ਲੈ ਕੇ
ਸਿਆਹ ਬਖਤਾਂ ਦੇ ਹਿੱਸੇ ਦੇ ਲੇਖੇ ਲੈ ਕੇ
ਲੰਮੇ ਚਿਰਾਂ ਮਗਰੋਂ ਵੀ ਉਹਦੇ ਹੱਥਾਂ ਵਿੱਚ
ਸੱਖਣੇ ਹੱਥ ਹੀ ਦਿਸਦੇ
ਕੋਈ ਦਿਲਾਸਾ ਨਹੀਂ ਹੁੰਦਾ

ਰਾਤ ਆਉਂਦੀ ਏ
ਤੇ ਕੰਬਦੇ ਹੋਏ ਪ੍ਰਛਾਵਿਆਂ ਨੂੰ ਵੀ
ਅੰਦਰ ਲੁਕੋ ਲੈਂਦੀ
ਜਿੰਨੇ ਆਦਰ ਚਾਨਣ ਬਖਸ਼ੇ ਹੁੰਦੇ
ਹੱਥਾਂ ਵਿੱਚੋਂ ਖੋਹ ਲੈਂਦੀ

ਰਾਤ ਆਉਂਦੀ ਏ
ਤੇ ਖੌਰੇ ਨੀਂਦਰ ਕਿਉਂ ਰੁੱਸ ਜਾਂਦੀ
ਮੈਂ ਬੇਵੱਸ ਅਸਮਾਨਾਂ ਨੂੰ ਤੱਕਾਂ
ਗਿਣਤੀ ਕਰਦਿਆਂ ਤਾਰੇ ਵੀ ਮੁੱਕ ਜਾਂਦੇ
ਪਰ ਅੱਖ ਨਹੀਂ ਲੱਗਦੀ

ਰਾਤ ਆਉਂਦੀ ਏ
ਮੌਤ ਦਾ ਸੁਨੇਹਾ ਲੈ ਕੇ
ਯਾ ਫਿਰ ਖੌਫ਼ ਅਜਿਹਾ ਲੈ ਕੇ
ਜਿਸ ਨਾਲ ਹਯਾਤੀ ਖਿੜਣਾ ਭੁੱਲ ਜਾਂਦੀ
ਉਮਰਾਂ ਦੀ ਕਮਾਈ ਡੁੱਲ੍ਹ ਜਾਂਦੀ
ਓਸ ਸਮੇਂ ਹੀ ਫੇਰ ਇੱਕ
ਰਾਤ ਆਉਂਦੀ
■

(ਇਸਲਾਮਾਬਾਦ, ਮਾਰਚ 30, 2009)

# ਅਮਨ ਦੀ ਆਸ਼ਾ

ਵਰ੍ਹਿਆਂ ਦਾ ਤ੍ਰਿਹਾਇਆ ਏ
ਅੱਖ ਮੇਰੀ ਦਾ ਕਾਸਾ
ਹੁਣ ਤਾਂ ਕੋਈ ਦੀਵੇ ਬਾਲੋ
ਰੱਖੋ ਕੋਈ ਅਮਨ ਦੀ ਆਸ਼ਾ

ਵੈਰੀਆਂ ਵਾਂਗ ਲੜਦੇ ਰਹੇ
ਇੱਕ ਦੂਜੇ ਦੀਆਂ ਖੁਸ਼ੀਆਂ ਉੱਤੇ
ਅੰਦਰੋ ਅੰਦਰ ਸੜਦੇ ਰਹੇ
ਵੱਖੋ ਵੱਖ ਜੀਵਨ ਫੂਕਿਆ
ਲੰਘੇ ਮਾਰ ਕੇ ਪਾਸਾ
ਉਹ ਭੈੜਿਓ ਮੁੱਕ ਜਾਓਗੇ ਨਫ਼ਰਤ ਵਿੱਚ
ਲਿਆਵੋ ਮੁੱਖ 'ਤੇ ਹਾਸਾ
ਇਹ ਜੀਵਨ ਹੈ ਥੋੜਾ ਜਿਹਾ
ਰੱਖੋ ਕੋਈ ਅਮਨ ਦੀ ਆਸ਼ਾ
■

(ਇਸਲਾਮਾਬਾਦ, 2008)

# ਵੱਖ ਹੋਣ ਤੋਂ ਬਾਹਦ

ਲਹੂ ਨਾਲ ਖਿੱਚੀ ਲੀਕ ਨੂੰ
ਕਿਵੇਂ ਮਿਟਾਓਗੇ
ਜਿੱਥੇ ਜਿਸਮਾਂ ਨਾਲ
ਰੂਹਾਂ ਵੀ ਚਿੱਥੀਆਂ ਗਈਆਂ
ਫਿਰ ਇਸੇ ਖ਼ੂਨੀ ਲੀਕ ਦੁਆਲੇ
ਧਰਮਾਂ ਅਤੇ ਰਸਮਾਂ ਦੀਆਂ
ਹੱਦਾਂ ਮਿੱਥੀਆਂ ਗਈਆਂ

ਏਡੇ ਕਹਿਰ ਗਜ਼ਬ ਦੇ ਮਗਰੋਂ
ਬਸ ਹੁਣ ਦੋਵੇਂ ਪਾਸਿਓ
ਇੱਕ ਦੂਜੇ ਨੂੰ ਵੇਖੀ ਜਾਓ
ਜਿਹੜੀ ਅੱਗ ਸੀ ਰਲ ਕੇ ਬਾਲੀ
ਓਸੇ ਅੱਗ ਹੁਣ ਸੇਕੀ ਜਾਓ
■

(ਇਸਲਾਮਾਬਾਦ, 2009)

# ਅਜੇ ਅਸੀਂ ਨਹੀਂ ਮਰਾਂਗੇ

ਅਜੇ ਅਸੀਂ ਨਹੀਂ ਮਰਾਂਗੇ
ਦੀਵੇ ਆਪਣੇ ਸੁਫਨਿਆਂ ਦੇ
ਅੱਗੇ 'ਵਾ ਦੇ ਧਰਾਂਗੇ
ਅਜੇ ਅਸੀਂ ਨਹੀਂ ਮਰਾਂਗੇ

ਡੁੱਬ ਜਾਵੇ ਭਾਵੇਂ ਸੂਰਜ ਸਾਰਾ
ਟੁੱਟ ਜਾਵੇ ਕੋਈ ਆਸ ਦਾ ਤਾਰਾ
ਅੱਧ ਪਚੱਦੇ ਸਾਹਵਾਂ ਨਾਲ ਵੀ
ਅੱਗੇ ਹੋ ਕੇ ਲੜਾਂਗੇ
ਅਜੇ ਅਸੀਂ ਨਹੀਂ ਮਰਾਂਗੇ
■

(ਇਸਲਾਮਾਬਾਦ, ਫਰਵਰੀ 9, 2015)

# ਇੱਕ ਜ਼ਰੂਰੀ ਐਲਾਨ

ਹਜ਼ਰਾਤ !
ਇੱਕ ਜ਼ਰੂਰੀ ਐਲਾਨ ਸੁਣੋ
ਅੱਜ ਤੁਹਾਡੇ ਆਲ ਦੁਆਲੇ ਰਹਿਣ ਵਾਲਾ ਕੋਈ
ਆਪਣਾ ਜੀਵਨ ਹਾਰ ਗਿਆ ਏ
ਕੱਦ ਬੁੱਤ ਤੇ ਮੁਹਾਂਦਰਾ ਓਹਦਾ
ਬੰਦਿਆਂ ਵਰਗਾ ਹੀ ਸੀ
ਆਪਣਾ ਨਾਮ ਵੀ ਇਨਸਾਨ ਦਸਦਾ ਸੀ
ਉਹਦੇ ਪਿੰਡੇ ਤੇ ਤਮੇਂ ਦੀ ਮੈਲ
ਤੇ ਅੱਖਾਂ ਉੱਤੇ
ਲੋਭ ਦੀ ਪੱਟੀ ਬੰਨ੍ਹੀ ਹੋਈ ਸੀ
ਜਿਸ ਧਰਮ ਦਾ ਉਹ ਦਾਹਵੇਦਾਰ ਸੀ
ਉਸਦੀ ਕਿਸੇ ਸ਼ੈਅ ਤੇ ਅਮਲਦਾਰ ਵੀ ਨਹੀਂ ਸੀ
ਹੁਣ ਸਾਰਿਆਂ ਮਿਲ ਕੇ ਇਹ ਮਿੱਥਣਾ
ਉਸਦਾ ਕੀ ਕਰਨਾ ਹੈ

■

(ਇਸਲਾਮਾਬਾਦ, ਮਈ 9, 2014)

# ਮੇਰਾ ਨਾਂ ਹਿਯਾਤੀ

ਮੈਂ ਸਦੀਆਂ ਅੰਦਰ ਜੰਮੀ
ਲਏ ਵੇਲੇ ਯਾਰ ਬਣਾ
ਮੈਂ ਜੀਵਨ ਜੀਵਨ ਖੇਡਿਆ
ਹੁੰਦੀ ਰਹੀ ਸਵਾਹ

ਮੈਂ ਚਾਨਣ ਤਲੀ ‘ਤੇ ਰੱਖ ਕੇ
ਪੈਂਡੇ ਕੀਤੇ ਸਾਹ
ਫਿਰ ਧੱਕੋ ਧੱਕੀ ਅਜ਼ਲ ਨੇ
ਦਿੱਤੇ ਜ਼ਹਿਰ ਪਿਲਾ

ਹੁਣ ਲੂੰ ਲੂੰ ਦੇ ਮੁੱਢ ਉੱਗਿਆ
ਸੂਲਾਂ ਭਰਿਆ ਘਾਹ
ਵੇਲੇ ਦੀ ਮੰਡੀ ਖਲ੍ਹ ਕੇ
ਅੱਜ ਪੁੱਛਿਆ ਆਪਣਾ ਭਾਅ

ਮੈਂ ਤਨ ਮਨ ਆਪਣਾ ਖੋਰ ਕੇ
ਜੰਮੇ ਕਈ ਸੁਕਰਾਤ
ਮੇਰੇ ਅੱਗੇ ਕੰਧ ਹਨ੍ਹੇਰ ਦੀ
ਤੇ ਪਿੱਛੇ ਕਾਲੀ ਰਾਤ
ਮੈਨੂੰ ਲੋਕ ਹਿਯਾਤੀ ਆਖਦੇ
ਮੈਂ ਮੌਤ ਤੋਂ ਖਾਧੀ ਮਾਤ
■

(ਇਸਲਾਮਾਬਾਦ, ਮਾਰਚ 2, 2014)

# ਕਿਉਂ ?

ਜੇਕਰ ਰੱਬ ਇੱਕੋ ਇੱਕ ਹੈ
ਤੇ ਫਿਰ ਬੰਦਿਆਂ ਦੇ ਦਿਲਾਂ ਵਿੱਚ
ਉਹਦਾ ਮੁਹਾਂਦਰਾ
ਵੱਖੋ ਵੱਖ ਕਿਉਂ ਏ
■

(ਇਸਲਾਮਾਬਾਦ, 2010)

# ਖ਼ੌਫ਼ ਨਗਰ

ਕਿਸਨੂੰ ਵੇਖ ਦਲੇਰੀ ਕਰੀਏ
ਸਾਰੇ ਲੋਕੀਂ ਡਰੇ ਹੋਏ ਨੇ
ਇੱਕ ਦੂਜੇ ਤੋਂ ਲੁੱਕਦੇ ਛਿਪਦੇ
ਖ਼ੌਫ਼ਾਂ ਦੇ ਨਾਲ ਭਰੇ ਹੋਏ ਨੇ
ਇਕਨਾਂ ਦੇ ਬੁੱਲ੍ਹ ਨੀਲੇ ਹੋ ਗਏ
ਜੁੱਸਿਓਂ ਡਾਹਢੇ ਠਰੇ ਹੋਏ ਨੇ
ਕਈ ਲੋਕਾਂ ਨੇ ਚਾਨਣ ਵਿੱਚ ਵੀ
ਹੱਥੀਂ ਦੀਵੇ ਫੜੇ ਹੋਏ ਨੇ

■

(ਇਸਲਾਮਾਬਾਦ, 2010)

# ਵੰਡ
(1947 ਨੂੰ ਮੁੱਖ ਰੱਖਦਿਆਂ)

ਇੱਕ ਲਹੂ ਦੀ ਭਰੀ ਚਨਾਬ ਸੀ
ਜੀਹਨੂੰ ਤੱਕਣਾ ਅੱਤ ਅਜ਼ਾਬ ਸੀ

ਕੁਝ ਕਲੀਆਂ ਸੋਹਲ ਮਲੂਕ ਸਨ
ਅਤੇ ਪੱਥਰਾਂ ਹਾਰ ਸਲੂਕ ਸਨ

ਕੁਝ ਫੁੱਲ ਖਿੜ੍ਹੇ ਸਨ ਮਹਿਕਦੇ
ਜੋ ਜੱਗ ਨੇ ਡਿੱਠੇ ਸਹਿਕਦੇ

ਕੁਝ ਰੁੱਖ ਸਨ ਛਾਵਾਂ ਵੰਡਦੇ
ਵੱਸ ਪੈ ਗਏ ਕੂੜ ਪਖੰਡ ਦੇ

ਇੱਕ ਧਰਤੀ ਵਰਗੀ ਮਾਂ ਸੀ
ਜੀਹਦੀ ਪੁੱਤਰਾਂ ਵੱਢੀ ਛਾਂ ਸੀ

ਇੱਕ ਰੱਬ ਸੀ ਅਰਸ਼ੀਂ ਤੱਕਦਾ
ਜੀਨੂੰ ਮੈਂ ਕੁਝ ਆਖ ਨਹੀਂ ਸਕਦਾ
■

(ਇਸਲਾਮਾਬਾਦ, 2004)

# ਹਿਜਰਤ

ਪੱਕਿਆਂ ਘਰਾਂ ਵਿੱਚੋਂ ਨਿਕਲ ਕੇ 'ਤੇ
ਤੰਬੂਆਂ ਵਿੱਚ ਜਾ ਵੱਸਣ ਦਾ ਨਾਂ

ਹਿਜਰਤ ਅਣਡਿੱਠੇ ਸੁਫ਼ਨੇ ਪਿੱਛੇ
ਝੱਲਿਆਂ ਵਾਂਗ ਨੱਸਣ ਦਾ ਨਾਂ

ਹਿਜਰਤ ਖਿੜਦੇ ਫੁੱਲ ਦੀ ਪੱਤੀ
ਕਬਰੀਂ ਪਾਵਣ ਵਾਲੀ

ਹਿਜਰਤ ਠੰਡੀ ਠਾਰੂ ਰੁੱਤੇ
ਅੱਗ ਮਚਾਵਣ ਵਾਲੀ

ਹਿਜਰਤ ਚਿੱਟੇ ਚਾਨਣ ਦਿਓਂ ਵਿੱਚ
ਕਾਲੀ ਸ਼ਾਹ ਹਨ੍ਹੇਰੀ

ਹਿਜਰਤ ਹਸਦੀਆਂ ਅੱਖੀਆਂ ਵਿੱਚੋਂ
ਭਰ ਹੰਝੂਆਂ ਦੀ ਫੇਰੀ

ਹਿਜਰਤ ਲਹੂ ਦੇ ਰਿਸ਼ਤਿਆਂ ਦਾ ਵੀ
ਲਹੂ ਹੈ ਪੀਵਣ ਵਾਲੀ

ਹਿਜਰਤ ਉਹ ਕਲਮੂੰਹੀਂ ਜਿਹੜੀ
ਮੌਤ ਦਸੀਵਣ ਵਾਲੀ

ਹਿਜਰਤ ਜੋ ਕੰਡਿਆਲੀ ਤਾਰਾਂ
ਸੀਨੇ ਦੇ ਵਿੱਚ ਗੱਡੇ

ਹਿਜਰਤ ਹਰ ਇੱਕ ਜਿਉਂਦੇ ਜੀਅ ਨੂੰ
ਥਾਈਂ ਮਾਰ ਕੇ ਛੱਡੇ

■

(ਇਸਲਾਮਾਬਾਦ, 2005)

# ਕਰਬਲ ਵਾਲੀ ਸ਼ਾਮ

ਇਨਸਾਨਾਂ ਦੇ ਲਹੂ ਤੋਂ ਸਸਤੀ
ਸ਼ੈਅ ਨ ਕੋਈ ਬਜ਼ਾਰੇ
ਆਪੇ ਕੰਧ ਉਸਾਰੇ ਬੰਦਾ
ਆਪੇ ਟੱਕਰਾਂ ਮਾਰੇ
ਅਕਲਾਂ ਵਾਲੇ ਸੋਚ ਸੋਚ ਕੇ
ਹੁੰਦੇ ਪਏ ਹੈਰਾਨ
ਜੰਮਣ ਲਾਅ ਤੋਂ ਮਰਨੇ ਤੀਕਰ
ਟੁੱਟਣ ਮਾਨ ਤਰਾਨ
ਧਰਨਾ ਦੇ ਕੇ ਬੈਠੀ ਹੋਈ
ਕਰਬਲ ਵਾਲੀ ਸ਼ਾਮ
ਦੁਨੀਆਂ ਦੀ ਇਹ ਆਸ ਨ ਟੁੱਟੇ
ਭਲੀ ਕਰੇਗਾ ਰਾਮ
■

(ਇਸਲਾਮਾਬਾਦ, 2005)